# Punjab Government Gazette

## EXTRAORDINARY

*Published by Authority*

CHANDIGARH, THURSDAY, MARCH 12, 2026
(PHALGUNA 21, 1947 SAKA)


ਵਿਧਾਨਕ ਅਨੁਪੂਰਕ


| | ਮਜ਼ਮੂਨ | ਪੰਨੇ |
|---|---|---|
| ਭਾਗ I | **ਐਕਟ** | |
| | 1. ਜਾਗਤ ਜੋਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ, 2008 | ... 267-270 |
| | (2008 ਦਾ ਪੰਜਾਬ ਐਕਟ ਨੰ. 21) | |
| | 2. ਸ਼ਹੀਦ ਭਗਤ ਸਿੰਘ ਰਾਜ ਯੂਨੀਵਰਸਿਟੀ ਐਕਟ, 2021 | |
| | (2021 ਦਾ ਪੰਜਾਬ ਐਕਟ ਨੰ. 10) | ... 271-289 |
| ਭਾਗ II | **ਆਰਡੀਨੈਂਸ** | |
| | *ਕੋਈ ਨਹੀਂ* | |
| ਭਾਗ III | **ਅਧੀਨ ਵਿਧਾਨਕਾਰੀ** | |
| | *ਕੋਈ ਨਹੀਂ* | |
| ਭਾਗ IV | **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ** | |
| | *ਕੋਈ ਨਹੀਂ* | |


——————

ਭਾਗ -1

## ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 12 ਮਾਰਚ, 2026

ਨੰ: 23/ਭ.ਕ./2026.- ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ, 2008 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 12th March, 2026

**No. 23/L.C./2026.-** The Translation in Punjabi of the Jaagat Jot Sri Guru Granth Sahib Satkar Act, 2008 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

## ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ, 2008

(2008 ਦਾ ਪੰਜਾਬ ਐਕਟ ਨੰ: 21)

ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀ ਕਿਸੇ ਵੀ ਵਿਅਕਤੀ ਦੁਆਰਾ ਛਪਾਈ, ਪ੍ਰਕਾਸ਼ਨ, ਭੰਡਾਰਨ, ਵੰਡ ਜਾਂ ਸਪਲਾਈ ਦੀ ਰੋਕਥਾਮ ਲਈ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਇਸ ਦੁਆਰਾ ਅਧਿਕਾਰਤ ਕਿਸੇ ਬੌਡੀ ਤੋਂ ਇਲਾਵਾ, ਸਿੱਖ ਰਹਿਤ ਮਰਿਯਾਦਾ ਦੀ ਅਨੁਸਾਰਤਾ ਵਿੱਚ ਉਨ੍ਹਾਂ ਦੀ ਪਵਿੱਤਰਤਾ ਅਤੇ ਸਤਿਕਾਰ ਨੂੰ ਯਕੀਨੀ ਬਣਾਉਣ ਦੀ ਦ੍ਰਿਸ਼ਟੀ ਨਾਲ ਅਤੇ ਇਸ ਨਾਲ ਸਬੰਧਤ ਜਾਂ ਇਸ ਦੇ ਅਨੁਸੰਗਕ ਮਾਮਲਿਆਂ ਲਈ ਉਪਬੰਧ ਕਰਨ ਲਈ ਇੱਕ ਐਕਟ।

ਜਦੋਂ ਕਿ ਇਹ ਮਹਿਸੂਸ ਕੀਤਾ ਗਿਆ ਹੈ ਕਿ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀ ਛਪਾਈ, ਪ੍ਰਕਾਸ਼ਨ, ਭੰਡਾਰਨ, ਵੰਡ ਅਤੇ ਸਪਲਾਈ ਕਰਦੇ ਸਮੇਂ, ਪ੍ਰਾਈਵੇਟ ਵਿਅਕਤੀ ਵਿਆਕਰਣਕ ਗਲਤੀਆਂ ਕਰ ਰਹੇ ਹਨ ਅਤੇ ਉਚਿਤ ਸ਼ਬਦਾਂ ਨੂੰ ਗਲਤ ਛਾਪ ਰਹੇ ਹਨ ਅਤੇ ਸਿੱਖ ਰਹਿਤ ਮਰਯਾਦਾ ਦਾ ਅਨੁਸਰਣ ਨਹੀਂ ਕਰ ਰਹੇ ਹਨ ਅਤੇ ਇਸ ਤਰ੍ਹਾਂ ਸਿੱਖ ਜਨਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾ ਰਹੇ ਹਨ;

ਜਦੋਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ-ਜਨਾਂ ਦੀ ਇੱਕ ਸਤਿਕਾਰਤ ਅਤੇ ਸਿਖਰਲੀ ਬੌਡੀ ਹੈ ਅਤੇ ਇਸ ਦੀ ਦੁਨੀਆਂ ਭਰ ਵਿੱਚ ਮਾਨਤਾ ਹੈ ਅਤੇ ਇਸ ਵਿੱਚ ਸਿੱਖ ਰਹਿਤ ਮਰਯਾਦਾ ਦੀ ਹਰ ਪੱਖੋਂ ਪਾਲਣਾ ਕਰਨ ਦਾ ਕਰਤੱਵ ਨਿਹਿਤ ਹੈ ਅਤੇ ਇਸ ਲਈ, ਇਸ ਨੂੰ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀ ਛਪਾਈ, ਪ੍ਰਕਾਸ਼ਨ, ਭੰਡਾਰਨ, ਵੰਡ ਅਤੇ ਸਪਲਾਈ ਦਾ ਪਵਿੱਤਰ ਕਾਰਜ ਨਿਰੋਲ ਤੌਰ ਤੇ ਸੌਂਪਿਆ ਜਾਣਾ ਚਾਹੀਦਾ ਹੈ;

ਜਦੋਂ ਕਿ ਇਹ ਮਹਿਸੂਸ ਕੀਤਾ ਗਿਆ ਹੈ ਕਿ ਪ੍ਰਾਈਵੇਟ ਵਿਅਕਤੀਆਂ ਦੁਆਰਾ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀ ਛਪਾਈ, ਪ੍ਰਕਾਸ਼ਨ, ਭੰਡਾਰਨ, ਵੰਡ ਅਤੇ ਸਪਲਾਈ ਸਮੇਂ ਬੇਅਦਬੀ ਦੀਆਂ ਘਟਨਾਵਾਂ ਕਈ ਗੁਣਾਂ ਵਧ ਗਈਆਂ ਹਨ;

ਅਤੇ ਜਦੋਂ ਕਿ ਇਹਨਾਂ ਹਾਲਾਤਾਂ ਵਿੱਚ, ਇਹ ਹਾਲਾਤ ਅਨੁਸਾਰ ਉਚਿਤ ਸਮਝਿਆ ਜਾਂਦਾ ਹੈ ਕਿ ਪ੍ਰਾਈਵੇਟ ਵਿਅਕਤੀਆਂ ਦੁਆਰਾ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀ ਛਪਾਈ, ਪ੍ਰਕਾਸ਼ਨ, ਭੰਡਾਰਨ, ਵੰਡ ਜਾਂ ਸਪਲਾਈ ਨੂੰ ਰੋਕਣ ਲਈ ਇੱਕ ਕਾਨੂੰਨ ਬਣਾਇਆ ਜਾਣਾ ਚਾਹੀਦਾ ਹੈ।

ਭਾਰਤ ਗਣਰਾਜ ਦੇ ਅਠਵੰਜਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

ਸੰਖੇਪ ਨਾਂ ਅਤੇ ਅਰੰਭ।

1. (1) ਇਸ ਐਕਟ ਨੂੰ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ, 2008 ਕਿਹਾ ਜਾ ਸਕੇਗਾ।

(2) ਇਹ ਤੁਰੰਤ ਨਾਫ਼ਜ਼ ਹੋਵੇਗਾ।

ਪਰਿਭਾਸ਼ਾਵਾਂ।

2. (1) ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,-

(ੳ) "ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ" ਦਾ ਮਤਲਬ ਹੈ ਸਿੱਖਾਂ ਦਾ ਪਵਿੱਤਰ ਗ੍ਰੰਥ, ਜੋ ਕਿਸੇ ਵੀ ਆਕਾਰ ਜਾਂ ਰੂਪ ਵਿੱਚ ਛਾਪਿਆ ਗਿਆ ਹੈ ਅਤੇ ਇੱਕ ਹੀ ਜਿਲਦ ਵਿੱਚ ਬੱਝਿਆ ਹੋਇਆ ਹੈ, ਜਿਸ ਨੂੰ ਸ਼ਬਦ ਸਾਕਾਰ, ਦਸ ਸਿੱਖ ਗੁਰੂਆਂ ਦੀ ਮੌਜੂਦਗੀ ਦੇ ਪ੍ਰਗਟਾਵੇ ਜਾਂ ਭਾਵਨਾ ਦਾ ਪ੍ਰਤੱਖ ਰੂਪ ਮੰਨਿਆ ਜਾਂਦਾ ਹੈ;

(ਅ) "ਡਿਪਟੀ ਕਮਿਸ਼ਨਰ" ਦਾ ਮਤਲਬ ਹੈ ਜ਼ਿਲ੍ਹੇ ਦਾ ਇੰਚਾਰਜ ਅਧਿਕਾਰੀ, ਜਿਸ ਨੂੰ ਰਾਜ ਸਰਕਾਰ ਦੁਆਰਾ ਅਜਿਹੇ ਤੌਰ 'ਤੇ ਨਿਯੁਕਤ ਕੀਤਾ ਜਾਂਦਾ ਹੈ; ਅਤੇ

(ੲ) "ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ" ਦਾ ਮਤਲਬ ਹੈ ਉਹ ਕਮੇਟੀ, ਜੋ ਸਿੱਖ ਗੁਰਦੁਆਰਾ ਐਕਟ, 1925 ਦੇ ਤੀਜੇ ਭਾਗ

ਦੇ ਉਪਬੰਧਾਂ ਅਧੀਨ ਗਠਤ ਬੋਰਡ ਦੁਆਰਾ ਅਜਿਹੇ ਤੌਰ ਤੇ ਨਾਮਤ ਹੈ।

(2) ਇਸ ਐਕਟ ਵਿੱਚ ਵਰਤੇ ਗਏ ਸ਼ਬਦਾਂ ਅਤੇ ਪਦਾਂ ਦੇ, ਪਰ ਪਰਿਭਾਸ਼ਿਤ ਨਹੀਂ ਕੀਤੇ ਗਏ, ਉਹੀ ਮਤਲਬ ਹੋਣਗੇ, ਜੋ ਸਿੱਖ ਗੁਰਦੁਆਰਾ ਐਕਟ, 1925 ਵਿੱਚ ਉਨ੍ਹਾਂ ਨੂੰ ਦਿੱਤੇ ਗਏ ਹਨ।

ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀ ਛਪਾਈ, ਪ੍ਰਕਾਸ਼ਨ, ਭੰਡਾਰਨ, ਵੰਡ ਅਤੇ ਸਪਲਾਈ।

3. (1) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਇਸ ਦੁਆਰਾ ਅਧਿਕਾਰਤ ਕੋਈ ਵੀ ਬੌਡੀ, ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀ ਛਪਾਈ, ਪ੍ਰਕਾਸ਼ਨ, ਭੰਡਾਰਨ, ਵੰਡ ਅਤੇ ਸਪਲਾਈ ਕਰੇਗੀ।

(2) ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ, 2008 ਦੇ ਅਰੰਭ ਹੋਣ ਸਮੇਂ ਕਿਸੇ ਵੀ ਵਿਅਕਤੀ ਕੋਲ ਮੌਜੂਦ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬੀੜਾਂ ਦੀਆਂ ਜਿਲਦਾਂ, ਭਾਵੇਂ ਉਹ ਅੰਤਮ ਤੌਰ 'ਤੇ ਛਪੀਆਂ ਹੋਣ ਜਾਂ ਪ੍ਰਕਿਰਿਆ ਅਧੀਨ ਹੋਣ, ਬਾਬਤ ਇਤਲਾਹ ਸਬੰਧਤ ਵਿਅਕਤੀ ਦੁਆਰਾ ਇਸ ਐਕਟ ਦੇ ਨਾਫ਼ਜ਼ ਹੋਣ ਤੋਂ ਪੰਦਰਾਂ ਦਿਨਾਂ ਦੀ ਮੁੱਦਤ ਦੇ ਅੰਦਰ ਡਿਪਟੀ ਕਮਿਸ਼ਨਰ ਨੂੰ ਲਿਖਤੀ ਰੂਪ ਵਿੱਚ ਦਿੱਤੀ ਜਾਵੇਗੀ।

(3) ਉਪ-ਧਾਰਾ (2) ਵਿੱਚ ਹਵਾਲਾ ਦਿੱਤੀ ਇਤਲਾਹ ਪ੍ਰਾਪਤ ਹੋਣ ਤੇ, ਡਿਪਟੀ ਕਮਿਸ਼ਨਰ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀਆਂ ਮੌਜੂਦਾ ਜਿਲਦਾਂ ਦੀ ਭੇਟਾ ਦਾ ਮੁਲਾਂਕਣ ਅਤੇ ਨਿਰਧਾਰਨ ਕਰਨ ਲਈ ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੀ ਕਮੇਟੀ ਦਾ ਗਠਨ ਕਰੇਗਾ, ਅਰਥਾਤ:-

(ੳ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਨਾਮਜ਼ਦ ਕੀਤਾ ਜਾਣ ਵਾਲਾ ਇੱਕ ਮੈਂਬਰ;

(ਅ) ਡਿਪਟੀ ਕਮਿਸ਼ਨਰ ਦੁਆਰਾ ਨਾਮਜ਼ਦ ਕੀਤਾ ਜਾਣ ਵਾਲਾ ਇੱਕ ਅਧਿਕਾਰੀ ਜੋ ਵਾਧੂ ਸਹਾਇਕ ਕਮਿਸ਼ਨਰ ਦੇ ਰੈਂਕ ਤੋਂ ਥੱਲੇ ਨਾ ਹੋਵੇ, ਜੋ ਸਿੱਖ ਹੋਣਾ ਚਾਹੀਦਾ ਹੈ;

(ੲ) ਡਿਪਟੀ ਕਮਿਸ਼ਨਰ ਦੁਆਰਾ ਨਾਮਜ਼ਦ ਕੀਤਾ ਜਾਣ ਵਾਲਾ, ਛਪਾਈ ਅਤੇ ਪ੍ਰਕਾਸ਼ਨ ਦੇ ਕਾਰੋਬਾਰ ਵਿੱਚ ਲੱਗਾ, ਇੱਕ ਵਿਅਕਤੀ, ਜੋ ਸਿੱਖ ਹੋਣਾ ਚਾਹੀਦਾ ਹੈ; ਅਤੇ

(ਸ) ਜੇਕਰ ਉਪਰੋਕਤ ਉਪ-ਖੰਡਾਂ (ਅ) ਅਤੇ (ੲ) ਵਿੱਚ ਜ਼ਿਕਰ ਕੀਤੀਆਂ ਸ਼੍ਰੇਣੀਆਂ ਦਾ ਕੋਈ ਸਿੱਖ ਅਧਿਕਾਰੀ ਜਾਂ ਵਿਅਕਤੀ ਉਪਲੱਬਧ ਨਹੀਂ ਹੈ, ਤਾਂ ਡਿਪਟੀ ਕਮਿਸ਼ਨਰ ਕਿਸੇ ਹੋਰ ਸਥਾਨਕ ਬੌਡੀ ਜਾਂ ਸੰਗਠਨ ਦੇ ਕਿਸੇ ਹੋਰ ਸਤਿਕਾਰਯੋਗ ਸਿੱਖ ਅਧਿਕਾਰੀ ਜਾਂ ਵਿਅਕਤੀ ਨੂੰ ਨਾਮਜ਼ਦ ਕਰੇਗਾ।

(4) ਉਪ-ਧਾਰਾ (3) ਅਧੀਨ ਗਠਤ ਕਮੇਟੀ, ਉਪ-ਧਾਰਾ (2) ਅਧੀਨ ਦਿੱਤੀ ਜਾਣ ਵਾਲੀ ਇਤਲਾਹ ਦੀ ਤਰੀਕ ਤੋਂ ਤੀਹ ਦਿਨਾਂ ਦੇ ਅੰਦਰ ਉਪ-ਧਾਰਾ (3)

ਵਿੱਚ ਹਵਾਲਾ ਦਿੱਤੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀਆਂ ਜਿਲਦਾਂ ਦੀ ਭੇਟਾ ਦਾ ਮੁਲਾਂਕਣ ਅਤੇ ਨਿਰਧਾਰਨ ਕਰੇਗੀ, ਅਤੇ ਇਸ ਨੂੰ ਡਿਪਟੀ ਕਮਿਸ਼ਨਰ ਨੂੰ ਭੇਜੇਗੀ, ਜੋ ਅੱਗੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਉਸ ਵਿਅਕਤੀ ਨੂੰ ਸੂਚਿਤ ਕਰੇਗਾ, ਜਿਸ ਦੇ ਕਬਜ਼ੇ ਵਿੱਚ ਇਹ ਜਿਲਦਾਂ ਹਨ।

(5) ਇਸ ਤਰ੍ਹਾਂ ਮੁਲਾਂਕਣ ਅਤੇ ਨਿਰਧਾਰਤ ਕੀਤੀ ਗਈ ਭੇਟਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਸਬੰਧਤ ਵਿਅਕਤੀ ਨੂੰ ਉਕਤ ਕਮੇਟੀ ਦੁਆਰਾ ਕੀਤੇ ਗਏ ਮੁਲਾਂਕਣ ਅਤੇ ਨਿਰਧਾਰਣ ਕਰਨ ਦੀ ਤਰੀਕ ਤੋਂ ਤੀਹ ਦਿਨਾਂ ਦੇ ਅੰਦਰ ਅਦਾ ਕੀਤੀ ਜਾਵੇਗੀ।

ਵਿਆਖਿਆ: ਇਸ ਧਾਰਾ ਵਿੱਚ, "ਭੇਟਾ" ਸ਼ਬਦ ਦਾ ਮਤਲਬ ਹੈ ਪ੍ਰਤੀਕ ਬਦਲ ਜੋ ਕਿਸੇ ਵੀ ਵਿਅਕਤੀ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਇਸ ਦੁਆਰਾ ਅਧਿਕਾਰਤ ਕਿਸੇ ਬੌਡੀ ਦੁਆਰਾ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਨੂੰ ਵੰਡਣ, ਪ੍ਰਦਾਨ ਕਰਨ ਜਾਂ ਸਪਲਾਈ ਕਰਨ ਲਈ ਪ੍ਰਾਪਤ ਹੁੰਦਾ ਹੈ।

ਮਨਾਹੀ।

4. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਇਸ ਦੁਆਰਾ ਅਧਿਕਾਰਤ ਕਿਸੇ ਵੀ ਬੌਡੀ ਤੋਂ ਇਲਾਵਾ, ਕੋਈ ਵੀ ਵਿਅਕਤੀ, ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ, 2008 ਦੇ ਅਰੰਭ ਹੋਣ ਤੋਂ ਪਿੱਛੋਂ, ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਨੂੰ ਛਾਪ, ਪ੍ਰਕਾਸ਼ਤ, ਭੰਡਾਰਨ, ਵੰਡ ਅਤੇ ਸਪਲਾਈ ਨਹੀਂ ਕਰੇਗਾ।

ਡੰਨ।

5. ਜੋ ਕੋਈ ਵੀ ਇਸ ਐਕਟ ਦੇ ਉਪਬੰਧਾਂ ਦੀ ਉਲੰਘਣਾ ਕਰਦਾ ਹੈ, ਉਸ ਨੂੰ ਕੈਦ ਦੀ ਅਉਧ ਨਾਲ ਜੋ ਦੋ ਸਾਲ ਤੱਕ ਹੋ ਸਕੇਗੀ ਅਤੇ ਜ਼ੁਰਮਾਨੇ ਨਾਲ ਜੋ ਪੰਜਾਹ ਹਜਾਰ ਰੁਪਏ ਤੱਕ ਹੋ ਸਕੇਗਾ, ਸਜ਼ਾ ਦਿੱਤੀ ਜਾਵੇਗੀ।

ਨੇਕ-ਨੀਤੀ ਨਾਲ ਕੀਤੀ ਗਈ ਕਾਰਵਾਈ ਦਾ ਬਚਾਉ।

6. ਇਸ ਐਕਟ ਦੇ ਉਪਬੰਧਾਂ ਦੇ ਅਨੁਸਰਣ ਵਿੱਚ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਦੇ ਬਾਰੇ ਵਿੱਚ ਰਾਜ ਸਰਕਾਰ ਜਾਂ ਇਸ ਦੇ ਅਧਿਕਾਰੀ ਜਾਂ ਕਰਮਚਾਰੀ ਵਿਰੁੱਧ ਕੋਈ ਦਾਵਾ, ਪ੍ਰਾਸੀਕਿਊਸ਼ਨ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋਵੇਗੀ।

ਨਿਰਸਨ ਅਤੇ ਬਚਾਉ।

7. (1) ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਆਰਡੀਨੈਂਸ, 2007 (2007 ਦਾ ਪੰਜਾਬ ਆਰਡੀਨੈਂਸ ਨੰ: 9) ਇਸ ਦੁਆਰਾ ਨਿਰਸਤ ਕੀਤਾ ਜਾਂਦਾ ਹੈ।

(2) ਅਜਿਹੇ ਨਿਰਸਨ ਦੇ ਹੁੰਦਿਆਂ ਹੋਇਆਂ ਵੀ, ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਆਰਡੀਨੈਂਸ ਅਧੀਨ ਕੀਤਾ ਗਿਆ ਜਾਂ ਕੀਤੀ ਗਈ ਕੋਈ ਕਾਰਵਾਈ, ਇਸ ਐਕਟ ਦੇ ਤਤਸਥਾਨੀ ਉਪਬੰਧਾਂ ਅਧੀਨ ਕੀਤੀ ਗਈ ਜਾਂ ਕੀਤੀ ਜਾਣੀ ਸਮਝੀ ਜਾਵੇਗੀ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3661/3-2026/Pb. Govt. Press, S.A.S. Nagar*

ਭਾਗ -1

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 12 ਮਾਰਚ, 2026

ਨੰ. 24/ਭ:ਕ/2026.- ਸ਼ਹੀਦ ਭਗਤ ਸਿੰਘ ਰਾਜ ਯੂਨੀਵਰਸਿਟੀ ਐਕਟ, 2021 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

**NOTIFICATION**

The 12th March, 2026

**No. 24/L.C./2026.-** The Translation in Punjabi of the Shaheed Bhagat Singh State University Act, 2021 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਸ਼ਹੀਦ ਭਗਤ ਸਿੰਘ ਰਾਜ ਯੂਨੀਵਰਸਿਟੀ ਐਕਟ, 2021

(2021 ਦਾ ਪੰਜਾਬ ਐਕਟ ਨੰ. 10)

ਪੰਜਾਬ ਰਾਜ ਵਿੱਚ ਸਿੱਖਿਆ ਅਤੇ ਉਸ ਦੇ ਵਿਕਾਸ ਦੀ ਤਰੱਕੀ ਲਈ ਅਤੇ ਇਸ ਨਾਲ ਸਬੰਧਤ ਜਾਂ ਉਸਦੇ ਅਨੁਸੰਗਕ ਮਾਮਲਿਆਂ ਲਈ ਇੱਕ ਯੂਨੀਵਰਸਿਟੀ ਸਥਾਪਤ ਅਤੇ ਨਿਗਮਨ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਬਹੱਤਰਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

1. (1) ਇਸ ਐਕਟ ਨੂੰ ਸ਼ਹੀਦ ਭਗਤ ਸਿੰਘ ਰਾਜ ਯੂਨੀਵਰਸਿਟੀ ਐਕਟ, 2021 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ ।

(2) ਇਹ ਸਰਕਾਰੀ ਗਜ਼ਟ ਵਿੱਚ ਇਸਦੇ ਪ੍ਰਕਾਸ਼ਨ ਹੋਣ ਦੀ ਤਰੀਕ ਨੂੰ ਅਤੇ ਤੋਂ ਨਾਫ਼ਜ ਹੋਵੇਗਾ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾਲ ਨਾ ਲੋੜੇ,- ਪਰਿਭਾਸ਼ਾਵਾਂ ।

(ੳ) "ਅਕਾਦਮਿਕ ਕੌਂਸਲ" ਦਾ ਮਤਲਬ ਹੈ ਯੂਨੀਵਰਸਿਟੀ ਦੀ ਅਕਾਦਮਿਕ ਕੌਂਸਲ;

(ਅ) "ਅਥਾਰਟੀਆਂ" ਦਾ ਮਤਲਬ ਹੈ ਯੂਨੀਵਰਸਿਟੀ ਦੀਆਂ ਅਥਾਰਟੀਆਂ;

(ੲ) "ਬੋਰਡ" ਦਾ ਮਤਲਬ ਹੈ ਯੂਨੀਵਰਸਿਟੀ ਦੇ ਗਵਰਨਰਾਂ ਦਾ ਬੋਰਡ;

(ਸ) "ਅਧਿਐਨ ਬੋਰਡ" ਦਾ ਮਤਲਬ ਹੈ ਯੂਨੀਵਰਸਿਟੀ ਦਾ ਅਧਿਐਨ ਬੋਰਡ;

(ਹ) "ਕੈਂਪਸ" ਦਾ ਮਤਲਬ ਹੈ ਇਸ ਐਕਟ ਦੇ ਨਾਫ਼ਜ ਹੋਣ ਦੀ ਤਰੀਕ ਨੂੰ ਸ਼ਹੀਦ ਭਗਤ ਸਿੰਘ ਰਾਜ ਤਕਨੀਕੀ ਕੈਂਪਸ ਦਾ ਕੈਂਪਸ;

(ਕ) "ਚਾਂਸਲਰ" ਦਾ ਮਤਲਬ ਹੈ ਯੂਨੀਵਰਸਿਟੀ ਦਾ ਚਾਂਸਲਰ;

(ਖ) "ਚੇਅਰਮੈਨ" ਦਾ ਮਤਲਬ ਹੈ ਬੋਰਡ ਦਾ ਚੇਅਰਮੈਨ;

(ਗ) "ਕਰਮਚਾਰੀ" ਦਾ ਮਤਲਬ ਹੈ ਯੂਨੀਵਰਸਿਟੀ ਦੁਆਰਾ ਨਿਯੁਕਤ ਕੋਈ ਵਿਅਕਤੀ ਅਤੇ ਇਸ ਵਿੱਚ ਯੂਨੀਵਰਸਿਟੀ ਦੇ ਅਧਿਆਪਕ ਅਤੇ ਹੋਰ ਅਕਾਦਮਿਕ ਸਟਾਫ ਸ਼ਾਮਲ ਹੈ;

(ਘ) "ਵਿੱਤ ਕਮੇਟੀ" ਦਾ ਮਤਲਬ ਹੈ ਯੂਨੀਵਰਸਿਟੀ ਦੀ ਵਿੱਤ ਕਮੇਟੀ;

(ਙ) "ਯੋਜਨਾ ਬੋਰਡ" ਦਾ ਮਤਲਬ ਹੈ ਯੂਨੀਵਰਸਿਟੀ ਦਾ ਯੋਜਨਾ ਬੋਰਡ;

(ਚ) "ਰਜਿਸਟਰਾਰ" ਦਾ ਮਤਲਬ ਹੈ ਯੂਨੀਵਰਸਿਟੀ ਦਾ ਰਜਿਸਟਰਾਰ;

(ਛ) "ਵਿਨਿਯਮਾਂ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਯੂਨੀਵਰਸਿਟੀ ਦੇ ਵਿਨਿਯਮ;

(ਜ) "ਸਕੂਲ" ਦਾ ਮਤਲਬ ਹੈ ਯੂਨੀਵਰਸਿਟੀ ਦਾ ਇੱਕ ਅਧਿਐਨ ਸਕੂਲ;

(ਝ) "ਰਾਜ ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ;

(ਞ) "ਵਿਦਿਆਰਥੀ" ਦਾ ਮਤਲਬ ਹੈ ਯੂਨੀਵਰਸਿਟੀ ਦਾ ਵਿਦਿਆਰਥੀ, ਅਤੇ ਇਸ ਵਿੱਚ ਕੋਈ ਵਿਅਕਤੀ ਸ਼ਾਮਲ ਹੈ ਜਿਸ ਨੇ ਯੂਨੀਵਰਸਿਟੀ ਦੇ ਕਿਸੇ ਅਧਿਐਨ ਕੋਰਸ ਲਈ ਆਪਣਾ ਨਾਂ ਦਰਜ ਕਰਵਾਇਆ ਹੈ;

(ਟ) "ਅਧਿਆਪਕ" ਦਾ ਮਤਲਬ ਹੈ ਪ੍ਰੋਫੈਸਰ, ਐਸੋਸੀਏਟ ਪ੍ਰੋਫੈਸਰ, ਸਹਾਇਕ ਪ੍ਰੋਫੈਸਰ ਅਤੇ ਅਜਿਹੇ ਹੋਰ ਵਿਅਕਤੀ ਜਿਨ੍ਹਾਂ ਨੂੰ ਯੂਨੀਵਰਸਿਟੀ ਵਿੱਚ ਸਿੱਖਿਆ-ਦੀਖਿਆ ਦੇਣ ਲਈ ਜਾਂ ਯੂਨੀਵਰਸਿਟੀ ਦਾ ਕੋਈ ਅਧਿਐਨ ਕੋਰਸ ਪੂਰਾ ਕਰਨ ਲਈ ਅਗਵਾਈ ਦੇਣ ਜਾਂ ਸਹਾਇਤਾ ਦੇਣ ਲਈ ਵਿਨਿਯਮਾਂ ਦੁਆਰਾ ਅਜਿਹੇ ਤੌਰ ਤੇ ਮਨੋਨੀਤ ਕੀਤਾ ਜਾਵੇ;

(ਠ) "ਯੂਨੀਵਰਸਿਟੀ" ਦਾ ਮਤਲਬ ਹੈ ਇਸ ਐਕਟ ਅਧੀਨ ਸਥਾਪਿਤ ਸ਼ਹੀਦ ਭਗਤ ਸਿੰਘ ਰਾਜ ਯੂਨੀਵਰਸਿਟੀ; ਅਤੇ

(ਡ) "ਵਾਈਸ-ਚਾਂਸਲਰ" ਦਾ ਮਤਲਬ ਹੈ ਯੂਨੀਵਰਸਿਟੀ ਦਾ ਵਾਈਸ-ਚਾਂਸਲਰ।

ਯੂਨੀਵਰਸਿਟੀ ਦੀ ਸਥਾਪਨਾ ਅਤੇ ਨਿਗਮਨ ।

3. (1) ਸ਼ਹੀਦ ਭਗਤ ਸਿੰਘ ਰਾਜ ਯੂਨੀਵਰਸਿਟੀ ਦੇ ਨਾਂ ਨਾਲ ਇੱਕ ਯੂਨੀਵਰਸਿਟੀ ਸਥਾਪਿਤ ਕੀਤੀ ਜਾਵੇਗੀ।

(2) ਯੂਨੀਵਰਸਿਟੀ ਦਾ ਮੁੱਖ-ਦਫ਼ਤਰ ਫਿਰੋਜ਼ਪੁਰ ਵਿਖੇ ਹੋਵੇਗਾ।

(3) ਪਹਿਲਾ ਵਾਈਸ-ਚਾਂਸਲਰ, ਗਵਰਨਰਾਂ ਦੇ ਬੋਰਡ, ਅਕਾਦਮਿਕ ਕੌਂਸਲ ਅਤੇ ਯੋਜਨਾ ਬੋਰਡ ਦੇ ਪਹਿਲੇ ਮੈਂਬਰ ਅਤੇ ਉਹ ਸਾਰੇ ਵਿਅਕਤੀ ਜੋ ਇਸ ਤੋਂ ਬਾਅਦ ਅਜਿਹੇ ਅਧਿਕਾਰੀ ਜਾਂ ਮੈਂਬਰ ਬਣ ਸਕਦੇ ਹਨ, ਜਿੰਨਾ ਚਿਰ ਉਹ ਅਜਿਹਾ ਅਹੁਦਾ ਜਾਂ ਮੈਂਬਰਸ਼ਿਪ ਜਾਰੀ ਰੱਖਦੇ ਹਨ, ਇਸ ਦੁਆਰਾ ਸ਼ਹੀਦ ਭਗਤ ਸਿੰਘ ਰਾਜ ਯੂਨੀਵਰਸਿਟੀ ਦੇ ਨਾਂ ਨਾਲ਼ ਇੱਕ ਨਿਗਮਤ ਬੌਡੀ ਗਠਤ ਕੀਤੇ ਜਾਂਦੇ ਹਨ।

(4) ਯੂਨੀਵਰਸਿਟੀ ਦਾ ਸਦੀਵੀਂ ਸਥਾਈ ਉਤਰਾਧਿਕਾਰ ਅਤੇ ਇੱਕ ਸਾਂਝੀ ਮੁਹਰ ਹੋਵੇਗੀ ਅਤੇ ਉਕਤ ਨਾਂ ਨਾਲ਼ ਉਹ ਦਾਵਾ ਕਰ ਸਕੇਗੀ ਅਤੇ ਉਸ 'ਤੇ ਦਾਵਾ ਕੀਤਾ ਜਾ ਸਕੇਗਾ।

ਯੂਨੀਵਰਸਿਟੀ ਦੀਆਂ ਸ਼ਕਤੀਆਂ ਅਤੇ ਕਾਜਕਾਰ ।

4. ਯੂਨੀਵਰਸਿਟੀ ਹੇਠ-ਲਿਖੇ ਕਾਜਕਾਰ ਨਿਭਾਏਗੀ, ਅਰਥਾਤ:-

(ੳ) ਤਕਨੀਕੀ ਸਿੱਖਿਆ ਪ੍ਰਦਾਨ ਕਰਨ, ਅਪਗ੍ਰੇਡ ਕਰਨ ਅਤੇ ਤਕਨੀਕੀ ਸਿੱਖਿਆ ਵਿੱਚ ਸਿਖਲਾਈ ਅਤੇ ਖੋਜ ਨੂੰ ਉਤਸ਼ਾਹਿਤ ਕਰਨ ਅਤੇ ਉਦਯੋਗ ਦੇ ਨਾਲ਼ ਨੇੜਲੇ ਸਹਿਯੋਗ ਨਾਲ਼ ਤਕਨੀਕੀ ਸਿੱਖਿਆ ਦੀ ਤਲਾਸ਼ ਲਈ ਸਹਾਈ ਵਾਤਾਵਰਣ ਸਿਰਜਣ ਲਈ ਉਪਬੰਧ ਕਰਨਾ;

(ਅ) ਮਸ਼ਵਰਾ ਸੇਵਾਵਾਂ, ਟੈਸਟਿੰਗ ਸੇਵਾਵਾਂ, ਨਿਰੰਤਰ ਸਿੱਖਿਆ ਪ੍ਰੋਗਰਾਮਾਂ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਹਿਯੋਗ ਅਤੇ ਬੌਧਿਕ ਸੰਪਤੀ ਅਧਿਕਾਰਾਂ ਦੇ ਇੰਤਕਾਲ ਰਾਹੀਂ ਸਰੋਤ ਪੈਦਾ ਕਰਨਾ ਅਤੇ ਬਣਾਈ ਰੱਖਣਾ;

(ੲ) ਡਿਗਰੀਆਂ, ਡਿਪਲੋਮੇ, ਸਰਟੀਫਿਕੇਟ ਅਤੇ ਹੋਰ ਅਕਾਦਮਿਕ ਉਪਾਧੀਆਂ ਸੰਸਥਿਤ ਕਰਨਾ ਅਤੇ ਪ੍ਰਦਾਨ ਕਰਨਾ;

(ਸ) ਪ੍ਰੀਖਿਆਵਾਂ ਕਰਵਾਉਣਾ ਅਤੇ ਉਨ੍ਹਾਂ ਵਿਅਕਤੀਆਂ ਨੂੰ ਅਤੇ 'ਤੇ ਡਿਗਰੀਆਂ, ਡਿਪਲੋਮੇ, ਸਰਟੀਫਿਕੇਟ ਅਤੇ ਹੋਰ ਉਪਾਧੀਆਂ ਦੇਣਾ ਅਤੇ ਪ੍ਰਦਾਨ ਕਰਨਾ ਜਿਨ੍ਹਾਂ ਨੇ,-

(i) ਯੂਨੀਵਰਸਿਟੀ ਵਿੱਚ ਅਧਿਐਨ ਕੋਰਸ ਪੂਰਾ ਕੀਤਾ ਹੋਵੇਗਾ ਅਤੇ ਯੂਨੀਵਰਸਿਟੀ ਦੁਆਰਾ ਮੁਕੱਰਰ ਪ੍ਰੀਖਿਆਵਾਂ ਪਾਸ ਕੀਤੀਆਂ ਹੋਣਗੀਆਂ; ਅਤੇ

(ii) ਵਿਨਿਯਮਾਂ ਦੁਆਰਾ ਮੁਕੱਰਰ ਸ਼ਰਤਾਂ ਅਧੀਨ ਖੋਜ ਕੀਤੀ ਹੋਵੇਗੀ;

(ਹ) ਵਿਨਿਯਮਾਂ ਦੁਆਰਾ ਨਿਯਤ ਕੀਤੇ ਤਰੀਕੇ ਨਾਲ਼ ਮਾਨ-ਅਰਥ ਡਿਗਰੀਆਂ ਪ੍ਰਦਾਨ ਕਰਨਾ;

(ਕ) ਯੂਨੀਵਰਸਿਟੀ ਦੁਆਰਾ ਲੋੜੀਂਦੀਆਂ ਪ੍ਰੋਫੈਸਰਸ਼ਿਪਾਂ, ਸਹਿਯੁਕਤ ਪ੍ਰੋਫੈਸਰਸ਼ਿਪਾਂ, ਸਹਾਇਕ ਪ੍ਰੋਫੈਸਰਸ਼ਿਪਾਂ ਅਤੇ ਹੋਰ ਕੋਈ ਅਧਿਆਪਨ

ਅਸਾਮੀਆਂ ਸੰਸਥਿਤ ਕਰਨਾ ਅਤੇ ਅਜਿਹੀਆਂ ਪ੍ਰੋਫੈਸਰਸ਼ਿਪਾਂ, ਸਹਿਯੁਕਤ ਪ੍ਰੋਫੈਸਰਸ਼ਿਪਾਂ, ਸਹਾਇਕ ਪ੍ਰੋਫੈਸਰਸ਼ਿਪਾਂ ਅਤੇ ਹੋਰ ਅਸਾਮੀਆਂ ਤੇ ਵਿਅਕਤੀਆਂ ਨੂੰ ਨਿਯੁਕਤ ਕਰਨਾ;

(ਖ) ਵਿਨਿਯਮਾਂ ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਫੈਲੋਸ਼ਿਪਾਂ, ਵਜ਼ੀਫੇ, ਵਿਦਿਆਰਥੀ ਵਜ਼ੀਫੇ, ਵਜ਼ੀਫੇ ਅਤੇ ਇਨਾਮਾਂ ਨੂੰ ਸੰਸਥਿਤ ਕਰਨਾ ਅਤੇ ਪੁਰਸਕਾਰ ਦੇਣਾ;

(ਗ) ਵੱਡੇ ਕਮਰਿਆਂ ਅਤੇ ਹੋਸਟਲਾਂ ਨੂੰ ਸੰਸਥਿਤ ਕਰਨਾ ਅਤੇ ਕਾਇਮ ਰੱਖਣਾ;

(ਘ) ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀ ਰਿਹਾਇਸ਼ ਅਤੇ ਅਨੁਸ਼ਾਸਨ ਦੀ ਨਿਗਰਾਨੀ ਅਤੇ ਕੰਟਰੋਲ ਕਰਨਾ ਅਤੇ ਉਨ੍ਹਾਂ ਦੀ ਸਿਹਤ ਅਤੇ ਆਮ ਭਲਾਈ ਨੂੰ ਉਤਸ਼ਾਹਿਤ ਕਰਨ ਲਈ ਪ੍ਰਬੰਧ ਕਰਨਾ;

(ਙ) ਪ੍ਰਯੋਗਸ਼ਾਲਾਵਾਂ, ਲਾਇਬ੍ਰੇਰੀਆਂ, ਅਜਾਇਬ ਘਰਾਂ ਨੂੰ ਸੰਗਠਤ ਕਰਨਾ ਅਤੇ ਅਧਿਆਪਨ ਅਤੇ ਖੋਜ ਲਈ ਲੋੜ ਅਨੁਸਾਰ ਅਜਿਹੇ ਹੋਰ ਸਾਜ਼-ਸਮਾਨ ਦਾ ਉਪਬੰਧ ਕਰਨਾ;

(ਚ) ਅਜਿਹੀਆਂ ਫੀਸਾਂ ਅਤੇ ਹੋਰ ਖਰਚਿਆਂ ਦੀ ਮੰਗ ਕਰਨਾ ਅਤੇ ਪ੍ਰਾਪਤ ਕਰਨਾ ਜਿਵੇਂ ਵਿਨਿਯਮਾਂ ਦੁਆਰਾ ਮੁਕੱਰਰ ਕੀਤਾ ਜਾਵੇ;

(ਛ) ਟਰੱਸਟਾਂ ਅਤੇ ਇੰਡੋਮੈਂਟਾਂ ਨੂੰ ਧਾਰਨ ਕਰਨਾ ਅਤੇ ਉਨ੍ਹਾਂ ਦਾ ਪ੍ਰਬੰਧ ਕਰਨਾ ਜੋ ਯੂਨੀਵਰਸਿਟੀ ਦੇ ਹੱਕ ਵਿੱਚ ਸਿਰਜੇ ਜਾਣ;

(ਜ) (i) ਛਪਾਈ ਅਤੇ ਪ੍ਰਕਾਸ਼ਨ ਵਿਭਾਗ;

(ii) ਯੂਨੀਵਰਸਿਟੀ ਵਿਸਤਾਰ ਬੋਰਡ;

(iii) ਸੂਚਨਾ ਬਿਊਰੋ; ਅਤੇ

(iv) ਰੁਜ਼ਗਾਰ ਬਿਊਰੋ;

ਸੰਸਥਿਤ ਕਰਨੇ ਅਤੇ ਉਨ੍ਹਾਂ ਦਾ ਪ੍ਰਬੰਧ ਕਰਨਾ;

(ਝ) ਵਿੱਦਿਅਕ ਤੌਰ ਤੇ ਪਛੜੇ ਵਰਗਾਂ ਅਤੇ ਫਿਰਕਿਆਂ ਵਿਚਕਾਰ ਤਕਨੀਕੀ ਸਿੱਖਿਆ ਦੇ ਪ੍ਰਸਾਰ ਲਈ ਵਿਸ਼ੇਸ਼ ਉਪਬੰਧ ਕਰਨਾ;

(ਞ) (i) ਰਾਸ਼ਟਰੀ ਕੈਡੇਟ ਕਾਰਪੋਰੇਸ਼ਨ ਜਾਂ ਉਸੇ ਵਰਗੇ ਹੋਰ ਸੰਗਠਨਾਂ ਦੀ ਦੇਖਭਾਲ;

(ii) ਸਰੀਰਕ ਅਤੇ ਸੈਨਿਕ ਸਿਖਲਾਈ; ਅਤੇ

(iii) ਖੇਡਾਂ ਅਤੇ ਐਥਲੈਟਿਕ ਕਲੱਬਾਂ;

ਲਈ ਉਪਬੰਧ ਕਰਨਾ;

(ਟ) ਪ੍ਰਸ਼ਾਸਕੀ, ਮਿਨਿਸਟੀਰੀਅਲ ਅਤੇ ਹੋਰ ਜ਼ਰੂਰੀ ਅਸਾਮੀਆਂ ਸਿਰਜਣਾ ਅਤੇ ਉਨ੍ਹਾਂ ਤੇ ਨਿਯੁਕਤੀਆਂ ਕਰਨਾ;

(ਠ) ਰਾਜ ਸਰਕਾਰ ਜਾਂ ਕੇਂਦਰੀ ਸਰਕਾਰ ਤੋਂ ਤੋਹਫੇ, ਦਾਨ ਜਾਂ ਪੁੰਨ-ਅਰਥ-ਦਾਨ ਪ੍ਰਾਪਤ ਕਰਨਾ ਅਤੇ ਵਸੀਅਤਕਾਰਾਂ, ਹਿੱਬਾਕਾਰਾਂ, ਇੰਤਕਾਲਕਾਰਾਂ ਤੋਂ, ਜਿਹੀ ਕਿ ਸੂਰਤ ਹੋਵੇ, ਚੁੱਕਵੀਂ ਜਾਂ ਅਚੁੱਕਵੀਂ ਸੰਪੱਤੀ ਦੀ ਵਸੀਅਤ, ਦਾਨ ਅਤੇ ਇੰਤਕਾਲ ਪ੍ਰਾਪਤ ਕਰਨਾ; ਅਤੇ

(ਡ) ਅਜਿਹੇ ਸਾਰੇ ਹੋਰ ਕਾਰਜ ਕਰਨਾ, ਭਾਵੇਂ ਉਪਰੋਕਤ ਸ਼ਕਤੀਆਂ ਨਾਲ਼ ਅਨੁਸੰਗਕ ਹੋਣ ਜਾਂ ਨਾ, ਜੋ ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਲੋੜੀਂਦੇ ਹੋਣ।

5. ਯੂਨੀਵਰਸਿਟੀ ਆਪਣੇ ਕੈਂਪਸ ਦੇ ਅੰਦਰ ਆਪਣੀ ਅਧਿਕਾਰਤਾ ਦੀ ਵਰਤੋਂ ਕਰੇਗੀ। ਅਧਿਕਾਰਤਾ।

6. (1) ਯੂਨੀਵਰਸਿਟੀ ਕਿਸੇ ਵੀ ਲਿੰਗ ਦੇ ਅਤੇ ਕਿਸੇ ਵੀ ਨਸਲ, ਮਤ, ਜਾਤ ਜਾਂ ਵਰਗ ਦੇ ਵਿਅਕਤੀਆਂ ਲਈ ਖੁੱਲ੍ਹੀ ਹੋਵੇਗੀ ਅਤੇ ਯੂਨੀਵਰਸਿਟੀ ਲਈ ਇਹ ਕਾਨੂੰਨ ਸੰਗਤ ਨਹੀਂ ਹੋਵੇਗਾ ਕਿ ਉਹ ਕਿਸੇ ਵਿਅਕਤੀ ਨੂੰ ਯੂਨੀਵਰਸਿਟੀ ਵਿੱਚ ਕੋਈ ਵੀ ਆਸਾਮੀ ਜਾਂ ਕੋਈ ਅਹੁਦਾ ਧਾਰਨ ਕਰਨ ਜਾਂ ਯੂਨੀਵਰਸਿਟੀ ਵਿੱਚ ਵਿਦਿਆਰਥੀ ਵਜੋਂ ਦਾਖਲਾ ਲੈਣ, ਜਾਂ ਉਸ ਤੋਂ ਗ੍ਰੈਜੂਏਟ ਹੋਣ, ਜਾਂ ਇਸ ਦੇ ਕਿਸੇ ਵਿਸ਼ੇਸ਼ ਅਧਿਕਾਰ ਦਾ ਆਨੰਦ ਲੈਣ ਜਾਂ ਵਰਤੋਂ ਕਰਨ ਦਾ ਹੱਕਦਾਰ ਬਣਾਉਣ ਲਈ ਧਾਰਮਿਕ ਵਿਸ਼ਵਾਸ ਜਾਂ ਪੇਸ਼ੇ ਦਾ ਕੋਈ ਵੀ ਟੈਸਟ ਅਪਣਾਉਣਾ ਜਾਂ ਉਸ ਤੇ ਥੋਪੇ। ਯੂਨੀਵਰਸਿਟੀ ਸਾਰੇ ਵਰਗਾਂ, ਜਾਤਾਂ ਅਤੇ ਮਤਾਂ ਲਈ ਖੁੱਲ੍ਹੀ ਹੋਣਾ।

(2) ਉਪ-ਧਾਰਾ (1) ਵਿੱਚ ਕੋਈ ਵੀ ਗੱਲ ਯੂਨੀਵਰਸਿਟੀ ਨੂੰ ਇਸਤਰੀਆਂ ਜਾਂ ਸਮਾਜ ਦੇ ਕਮਜ਼ੋਰ ਵਰਗਾਂ ਨਾਲ਼ ਸਬੰਧਤ ਵਿਅਕਤੀਆਂ ਦੀ, ਅਤੇ ਖਾਸ ਕਰਕੇ, ਅਨੁਸੂਚਿਤ ਜਾਤੀਆਂ ਜਾਂ ਅਨੁਸੂਚਿਤ ਕਬੀਲਿਆਂ ਨਾਲ਼ ਸਬੰਧਤ ਵਿਅਕਤੀਆਂ ਦੀ ਨਿਯੁਕਤੀ ਜਾਂ ਦਾਖਲੇ ਲਈ ਕੋਈ ਵਿਸ਼ੇਸ਼ ਉਪਬੰਧ ਕਰਨ ਤੋਂ ਰੋਕਦੀ ਨਹੀਂ ਸਮਝੀ ਜਾਵੇਗੀ।

7. ਯੂਨੀਵਰਸਿਟੀ ਦੇ ਹੇਠ-ਲਿਖੇ ਅਧਿਕਾਰੀ ਹੋਣਗੇ, ਅਰਥਾਤ:- ਯੂਨੀਵਰਸਿਟੀ ਅਧਿਕਾਰੀ।

(i) ਚਾਂਸਲਰ;

(ii) ਵਾਈਸ-ਚਾਂਸਲਰ;

(iii) ਰਜਿਸਟਰਾਰ; ਅਤੇ

(iv) ਯੂਨੀਵਰਸਿਟੀ ਦੀ ਸੇਵਾ ਵਿੱਚ ਅਜਿਹੇ ਹੋਰ ਵਿਅਕਤੀ, ਜੋ ਵਿਨਿਯਮਾਂ ਦੁਆਰਾ ਯੂਨੀਵਰਸਿਟੀ ਦੇ ਅਧਿਕਾਰੀ ਐਲਾਨੇ ਜਾਣ।

ਚਾਂਸਲਰ।

8. ਪੰਜਾਬ ਦਾ ਰਾਜਪਾਲ ਯੂਨੀਵਰਸਿਟੀ ਦਾ ਚਾਂਸਲਰ ਹੋਵੇਗਾ।

ਵਾਈਸ-ਚਾਂਸਲਰ ਦੀ ਨਿਯੁਕਤੀ, ਸ਼ਕਤੀਆਂ, ਕਰਤੱਵ, ਸੇਵਾ ਦੀਆਂ ਸ਼ਰਤਾਂ ਅਤੇ ਹਟਾਉਣਾ।

9. (1) ਵਾਈਸ-ਚਾਂਸਲਰ, ਚਾਂਸਲਰ ਦੁਆਰਾ ਰਾਜ ਸਰਕਾਰ ਦੀ ਸਲਾਹ ਤੇ ਰਾਸ਼ਟਰੀ ਪ੍ਰਸਿੱਧੀ ਵਾਲੇ ਵਿਅਕਤੀਆਂ ਦੇ ਪਾਰਦਰਸ਼ੀ ਜਾਂਚ ਪ੍ਰਕਿਰਿਆ ਰਾਹੀਂ ਤਿਆਰ ਕੀਤੇ ਇੱਕ ਪੈਨਲ ਵਿੱਚੋਂ ਨਿਯੁਕਤ ਕੀਤਾ ਜਾਵੇਗਾ:

ਪਰੰਤੂ ਪਹਿਲਾਂ ਵਾਈਸ-ਚਾਂਸਲਰ ਰਾਜ ਸਰਕਾਰ ਦੁਆਰਾ ਤਿੰਨ ਸਾਲਾਂ ਦੀ ਮੁਦਤ ਲਈ ਨਿਯੁਕਤ ਕੀਤਾ ਜਾਵੇਗਾ।

(2) ਵਾਈਸ-ਚਾਂਸਲਰ ਤਿੰਨ ਸਾਲਾਂ ਦੀ ਅਉਧ ਲਈ ਅਹੁਦਾ ਧਾਰਨ ਕਰੇਗਾ, ਜਿਸ ਨੂੰ ਰਾਜ ਸਰਕਾਰ ਦੀ ਸਲਾਹ ਅਤੇ ਸ਼ਿਫਾਰਸ਼ਾਂ 'ਤੇ ਚਾਂਸਲਰ ਦੁਆਰਾ ਵਧਾਇਆ ਜਾ ਸਕੇਗਾ।

(3) ਚਾਂਸਲਰ, ਵਾਈਸ-ਚਾਂਸਲਰ ਦੇ ਮਿਹਨਤਾਨੇ ਦੀ ਰਕਮ ਅਤੇ ਸੇਵਾ ਦੀਆਂ ਹੋਰ ਸ਼ਰਤਾਂ ਨਿਰਧਾਰਤ ਕਰੇਗਾ:

ਪਰੰਤੂ ਅਜਿਹੇ ਨਿਬੰਧਨ ਅਤੇ ਸ਼ਰਤਾਂ ਵਾਈਸ-ਚਾਂਸਲਰ ਦੇ ਅਹੁਦੇ ਦੀ ਅਉਧ ਦੌਰਾਨ ਉਸ ਦੇ ਅਲਾਭ ਲਈ ਨਹੀਂ ਬਦਲੀਆਂ ਜਾਣਗੀਆਂ।

(4) ਉਪ-ਧਾਰਾ (2) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਚਾਂਸਲਰ, ਰਾਜ ਸਰਕਾਰ ਦੀਆਂ ਸ਼ਿਫਾਰਸ਼ਾਂ ਤੇ, ਕਿਸੇ ਵੀ ਸਮੇਂ, ਲਿਖਤੀ ਹੁਕਮ ਦੁਆਰਾ, ਵਾਈਸ-ਚਾਂਸਲਰ ਨੂੰ ਅਸਮਰੱਥਾ, ਦੁਰਾਚਾਰ ਜਾਂ ਐਕਟ ਦੇ ਪ੍ਰਵਿਧਾਨਕ ਉਪਬੰਧਾਂ ਦੀ ਖ਼ਿਲਾਫਵਰਜ਼ੀ ਦੇ ਆਧਾਰ ਤੇ ਅਹੁਦੇ ਤੋਂ ਹਟਾ ਸਕੇਗਾ:

ਪਰੰਤੂ ਚਾਂਸਲਰ ਦੁਆਰਾ ਅਜਿਹਾ ਕੋਈ ਹੁਕਮ ਨਹੀਂ ਕੀਤਾ ਜਾਵੇਗਾ, ਜਦੋਂ ਤੱਕ ਵਾਈਸ-ਚਾਂਸਲਰ ਨੂੰ ਉਸ ਵਿਰੁੱਧ ਕੀਤੀ ਜਾਣ ਵਾਲੀ ਤਜਵੀਜ਼ਤ ਕਾਰਵਾਈ ਵਿਰੁੱਧ ਕਾਰਨ ਦੱਸਣ ਦਾ ਵਾਜ਼ਬ ਮੌਕਾ ਨਾ ਦਿੱਤਾ ਗਿਆ ਹੋਵੇ:

ਪਰੰਤੂ ਇਹ ਹੋਰ ਕਿ ਕਿਸੇ ਵੀ ਜਾਂਚ ਤੇ ਲੰਬਿਤ ਹੋਣ ਦੌਰਾਨ, ਚਾਂਸਲਰ, ਰਾਜ ਸਰਕਾਰ ਦੀਆਂ ਸ਼ਿਫਾਰਸ਼ਾਂ ਤੇ ਵਾਈਸ-ਚਾਂਸਲਰ ਨੂੰ ਮੁਅੱਤਲ ਕਰ ਸਕੇਗਾ।

(5) ਜੇਕਰ ਵਾਈਸ-ਚਾਂਸਲਰ ਦਾ ਅਹੁਦਾ ਮੌਤ, ਅਸਤੀਫਾ, ਅਉਧ ਦੀ ਸਮਾਪਤੀ, ਬਿਮਾਰੀ ਜਾਂ ਅਜਿਹੇ ਹੋਰ ਕਾਰਨ ਕਰਕੇ ਖਾਲੀ ਹੋ ਜਾਂਦਾ ਹੈ, ਤਾਂ ਚਾਂਸਲਰ, ਰਾਜ ਸਰਕਾਰ ਦੀਆਂ ਸ਼ਿਫਾਰਸ਼ਾਂ ਤੇ, ਕਿਸੇ ਵਿਅਕਤੀ ਨੂੰ ਵਾਈਸ-ਚਾਂਸਲਰ ਦੇ ਕਾਜਕਾਰ ਨਿਭਾਉਣ ਲਈ ਨਿਯੁਕਤ ਕਰ ਸਕਦਾ ਹੈ ਜਦੋਂ ਤੱਕ ਇੱਕ ਨਵਾਂ ਵਾਈਸ-ਚਾਂਸਲਰ ਨਿਯੁਕਤ ਨਹੀਂ ਕੀਤਾ ਜਾਂਦਾ।

(6) ਵਾਈਸ-ਚਾਂਸਲਰ ਯੂਨੀਵਰਸਿਟੀ ਦਾ ਮੁੱਖ ਕਾਰਜਕਾਰੀ ਅਤੇ ਅਕਾਦਮਿਕ ਅਧਿਕਾਰੀ ਹੋਵੇਗਾ ਅਤੇ ਉਹ ਵਿਨਿਯਮਾਂ ਦੀ ਅਨੁਸਾਰਤਾ ਵਿੱਚ ਇਸ ਦੇ

ਕਾਰ-ਵਿਹਾਰ ਉੱਤੇ ਆਮ ਕੰਟਰੋਲ ਰੱਖੇਗਾ ਅਤੇ ਯੂਨੀਵਰਸਿਟੀ ਦੀਆਂ ਅਥਾਰਟੀਆਂ ਦੇ ਫੈਸਲਿਆਂ ਨੂੰ ਪ੍ਰਭਾਵੀ ਬਣਾਏਗਾ।

(7) ਵਾਈਸ-ਚਾਂਸਲਰ ਕੋਲ ਅਕਾਦਮਿਕ ਕੌਂਸਲ ਦੀਆਂ ਇਕੱਤਰਤਾਵਾਂ ਬੁਲਾਉਣ ਦੀ ਸ਼ਕਤੀ ਹੋਵੇਗੀ।

(8) ਇਹ ਵਾਈਸ-ਚਾਂਸਲਰ ਦਾ ਕਰਤੱਵ ਹੋਵੇਗਾ ਕਿ ਉਹ ਇਹ ਯਕੀਨੀ ਬਣਾਏ ਕਿ ਇਸ ਐਕਟ ਅਤੇ ਵਿਨਿਯਮਾਂ ਦੇ ਉਪਬੰਧਾਂ ਦੀ ਵਫਾਦਾਰੀ ਨਾਲ਼ ਪਾਲਣਾ ਕੀਤੀ ਜਾਂਦੀ ਹੈ ਅਤੇ ਉਸ ਕੋਲ ਇਸ ਪ੍ਰਯੋਜਨ ਲਈ ਸਾਰੀਆਂ ਜ਼ਰੂਰੀ ਸ਼ਕਤੀਆਂ ਹੋਣਗੀਆਂ।

(9) ਜੇਕਰ, ਵਾਈਸ-ਚਾਂਸਲਰ ਦੀ ਰਾਏ ਵਿੱਚ, ਕੋਈ ਸੰਕਟਕਾਲ ਪੈਦਾ ਹੋ ਗਿਆ ਹੈ ਜਿਸ ਲਈ ਤੁਰੰਤ ਕਾਰਵਾਈ ਕੀਤੀ ਜਾਣੀ ਲੋੜੀਂਦੀ ਹੈ, ਤਾਂ ਵਾਈਸ-ਚਾਂਸਲਰ ਚੇਅਰਮੈਨ ਦੀ ਪ੍ਰਵਾਨਗੀ ਨਾਲ਼ ਅਜਿਹੀ ਕਾਰਵਾਈ ਕਰੇਗਾ ਜੋ ਉਹ ਜ਼ਰੂਰੀ ਸਮਝੇ ਅਤੇ ਅਗਲੀ ਇਕੱਤਰਤਾ ਵਿੱਚ ਉਸ ਦੀ ਪੁਸ਼ਟੀ ਲਈ ਉਸ ਅਥਾਰਟੀ ਨੂੰ ਰਿਪੋਰਟ ਕਰੇਗਾ, ਜਿਸ ਵੱਲੋਂ ਸਾਧਾਰਨ ਅਨੁਕ੍ਰਮ ਤੇ ਇਸ ਮਾਮਲੇ ਨੂੰ ਨਜਿੱਠਿਆ ਜਾਣਾ ਸੀ:

ਪਰੰਤੂ ਜਿੱਥੇ ਵਾਈਸ-ਚਾਂਸਲਰ ਦੁਆਰਾ ਕੀਤੀ ਗਈ ਅਜਿਹੀ ਕੋਈ ਕਾਰਵਾਈ ਸਬੰਧਤ ਅਥਾਰਟੀ ਦੁਆਰਾ ਪ੍ਰਵਾਨ ਨਹੀਂ ਕੀਤੀ ਜਾਂਦੀ, ਤਾਂ ਉਹ ਉਸ ਮਾਮਲੇ ਨੂੰ ਚਾਂਸਲਰ ਨੂੰ ਭੇਜ ਸਕੇਗਾ, ਜਿਸ 'ਤੇ ਉਸਦਾ ਫੈਸਲਾ ਅੰਤਿਮ ਹੋਵੇਗਾ:

ਪਰੰਤੂ ਇਹ ਹੋਰ ਕਿ ਜਿੱਥੇ ਵਾਈਸ-ਚਾਂਸਲਰ ਦੁਆਰਾ ਕੀਤੀ ਗਈ ਅਜਿਹੀ ਕੋਈ ਕਾਰਵਾਈ ਯੂਨੀਵਰਸਿਟੀ ਦੀ ਸੇਵਾ ਵਿੱਚ ਕਿਸੇ ਵੀ ਵਿਅਕਤੀ ਨੂੰ ਪ੍ਰਭਾਵਿਤ ਕਰਦੀ ਹੈ, ਤਾਂ ਅਜਿਹਾ ਵਿਅਕਤੀ ਅਜਿਹੀ ਕਾਰਵਾਈ ਦਾ ਨੋਟਿਸ ਪ੍ਰਾਪਤ ਹੋਣ ਦੀ ਤਰੀਕ ਤੋਂ ਤੀਹ ਦਿਨਾਂ ਦੀ ਮੁਦਤ ਅੰਦਰ ਬੋਰਡ ਨੂੰ ਅਪੀਲ ਕਰਨ ਦਾ ਹੱਕਦਾਰ ਹੋਵੇਗਾ।

ਰਜਿਸਟਰਾਰ ਦੀ ਨਿਯੁਕਤੀ, ਸ਼ਕਤੀਆਂ, ਕਰਤੱਵ ਅਤੇ ਸੇਵਾ ਦੀਆਂ ਸ਼ਰਤਾਂ ।

10. (1) ਰਜਿਸਟਰਾਰ ਨੂੰ ਬੋਰਡ ਦੁਆਰਾ ਵਾਈਸ-ਚਾਂਸਲਰ ਦੀਆਂ ਸਿਫਾਰਸ਼ਾਂ ਤੇ ਤਿੰਨ ਸਾਲਾਂ ਦੀ ਮੁੱਦਤ ਲਈ ਨਿਯੁਕਤ ਕੀਤਾ ਜਾਵੇਗਾ, ਜਿਸ ਨੂੰ ਤਿੰਨ ਸਾਲਾਂ ਦੀ ਇੱਕ ਹੋਰ ਅਉਧ ਲਈ ਵਧਾਇਆ ਜਾ ਸਕੇਗਾ।

(2) ਰਜਿਸਟਰਾਰ ਦੀ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ ਅਜਿਹੀਆਂ ਹੋਣਗੀਆਂ, ਜੋ ਬੋਰਡ ਦੁਆਰਾ ਨਿਰਧਾਰਤ ਕੀਤੀਆਂ ਜਾਣ।

(3) ਰਜਿਸਟਰਾਰ ਬੋਰਡ ਅਤੇ ਅਕਾਦਮਿਕ ਕੌਂਸਲ ਦਾ ਅਹੁਦੇ-ਕਾਰਨ ਸਕੱਤਰ ਹੋਵੇਗਾ।

(4) ਰਜਿਸਟਰਾਰ ਦਾ ਇਹ ਕਰਤੱਵ ਹੋਵੇਗਾ ਕਿ ਉਹ,-

(ੳ) ਯੂਨੀਵਰਸਿਟੀ ਦੇ ਰਿਕਾਰਡ, ਸਾਂਝੀ ਮੋਹਰ ਅਤੇ ਅਜਿਹੀ ਹੋਰ ਸੰਪੱਤੀ ਦਾ ਸਪੁਰਦਾਰ ਹੋਵੇ ਜੋ ਬੋਰਡ ਉਸ ਦੇ ਚਾਰਜ ਵਿੱਚ ਸੌਂਪੇ;

(ਅ) ਬੋਰਡ ਅਤੇ ਅਕਾਦਮਿਕ ਕੌਂਸਲ ਦੀਆਂ ਸਾਰੀਆਂ ਇਕੱਤਰਤਾਵਾਂ ਦੀ ਕਾਰਵਾਈ ਰਿਪੋਟ ਰੱਖੇ;

(ੲ) ਬੋਰਡ ਅਤੇ ਅਕਾਦਮਿਕ ਕੌਂਸਲ ਦੇ ਸਰਕਾਰੀ ਪੱਤਰ-ਵਿਹਾਰ ਦਾ ਸੰਚਾਲਣ ਕਰੇ;

(ਸ) ਯੂਨੀਵਰਸਿਟੀ ਦੀ ਪ੍ਰੀਖਿਆ ਲਈ ਪ੍ਰਬੰਧ ਕਰੇ ਅਤੇ ਉਸ ਦੀ ਨਿਗਰਾਨੀ ਕਰੇ;

(ਹ) ਚਾਂਸਲਰ ਨੂੰ ਅਥਾਰਟੀਆਂ ਦੀਆਂ ਇਕੱਤਰਤਾਵਾਂ ਦੇ ਏਜੰਡੇ ਦੀਆਂ ਨਕਲਾਂ ਜਿਉਂ ਹੀ ਉਹ ਜਾਰੀ ਕੀਤੀਆਂ ਜਾਂਦੀਆਂ ਹਨ, ਅਤੇ ਅਥਾਰਟੀਆਂ ਦੀਆਂ ਇਕੱਤਰਤਾਵਾਂ ਦੀਆਂ ਕਾਰਵਾਈ ਰਿਪੋਟਾਂ ਸਾਧਾਰਨ ਤੌਰ ਤੇ ਇਕੱਤਰਤਾਵਾਂ ਹੋਣ ਤੋਂ ਇੱਕ ਮਹੀਨੇ ਦੀ ਮੁੱਦਤ ਦੇ ਅੰਦਰ ਸਪਲਾਈ ਕਰੇ; ਅਤੇ

(ਕ) ਅਜਿਹੇ ਹੋਰ ਕਰਤੱਵ ਨਿਭਾਵੇ ਜੋ ਸਮੇਂ-ਸਮੇਂ ਤੇ ਵਾਈਸ-ਚਾਂਸਲਰ ਜਾਂ ਬੋਰਡ ਦੁਆਰਾ ਉਸ ਨੂੰ ਸੌਂਪੇ ਜਾਣ।

ਅਧਿਕਾਰੀਆਂ ਦੀ ਨਿਯੁਕਤੀ, ਸ਼ਕਤੀਆਂ, ਕਰਤੱਵ ਅਤੇ ਉਨ੍ਹਾਂ ਦੇ ਅਹੁਦੇ ਦੇ ਨਿਬੰਧਨ ਆਦਿ।

11. (1) ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਚਾਂਸਲਰ, ਵਾਈਸ-ਚਾਂਸਲਰ ਅਤੇ ਰਜਿਸਟਰਾਰ ਤੋਂ ਬਿਨਾਂ ਯੂਨੀਵਰਸਿਟੀ ਦੇ ਅਧਿਕਾਰੀਆਂ ਦੀਆਂ ਸ਼ਕਤੀਆਂ ਅਤੇ ਕਰਤੱਵ, ਉਹ ਅਉਧ ਜਿਸ ਲਈ ਉਹ ਅਹੁਦਾ ਧਾਰਨ ਕਰਨਗੇ ਅਤੇ ਅਜਿਹੇ ਅਹੁਦਿਆਂ ਵਿੱਚ ਅਸਥਾਈ ਖਾਲੀ ਅਸਾਮੀਆਂ ਨੂੰ ਭਰਨਾ, ਵਿਨਿਯਮਾਂ ਦੁਆਰਾ ਉਪਬੰਧਤ ਕੀਤਾ ਜਾਵੇਗਾ।

(2) ਚਾਂਸਲਰ, ਵਾਈਸ-ਚਾਂਸਲਰ ਅਤੇ ਰਜਿਸਟਰਾਰ ਤੋਂ ਬਿਨਾਂ ਯੂਨੀਵਰਸਿਟੀ ਦੇ ਅਧਿਕਾਰੀਆਂ ਦੀਆਂ ਨਿਯੁਕਤੀਆਂ ਦੇ ਢੰਗ, ਸੇਵਾ ਦੇ ਨਿਬੰਧਨ ਅਤੇ ਸ਼ਰਤਾਂ ਵਿਨਿਯਮਾਂ ਦੁਆਰਾ ਉਪਬੰਧਤ ਕੀਤੇ ਜਾਣਗੇ, ਜਿੱਥੋਂ ਤੱਕ ਉਹ ਇੱਥੇ ਉਪਬੰਧਤ ਨਹੀਂ ਕੀਤੇ ਗਏ ਹਨ।

ਯੂਨੀਵਰਸਿਟੀ ਦੀਆਂ ਅਥਾਰਟੀਆਂ।

12. ਯੂਨੀਵਰਸਿਟੀ ਦੀਆਂ ਹੇਠ-ਲਿਖੀਆਂ ਅਥਾਰਟੀਆਂ ਹੋਣਗੀਆਂ, ਅਰਥਾਤ:-

(ੳ) ਗਵਰਨਰਾਂ ਦਾ ਬੋਰਡ;

(ਅ) ਅਕਾਦਮਿਕ ਕੌਂਸਲ;

(ੲ) ਫੈਕਲਟੀਆਂ;

(ਸ) ਅਧਿਐਨ ਬੋਰਡ;

(ਹ) ਯੋਜਨਾ ਬੋਰਡ;

(ਕ) ਵਿੱਤ ਕਮੇਟੀ; ਅਤੇ

(ਖ) ਅਜਿਹੀਆਂ ਹੋਰ ਅਥਾਰਟੀਆਂ, ਜੋ ਵਿਨਿਯਮਾਂ ਦੁਆਰਾ ਐਲਾਨੀਆਂ ਜਾਣ।

13. (1) ਬੋਰਡ ਇੱਕ ਚੇਅਰਮੈਨ, ਬਾਰਾਂ ਅਹੁਦੇ-ਕਾਰਨ ਮੈਂਬਰਾਂ (ਵਾਈਸ-ਚੇਅਰਮੈਨ ਸਮੇਤ) ਅਤੇ ਛੇ ਨਾਮਜ਼ਦ ਮੈਂਬਰਾਂ ਤੋਂ ਮਿਲ ਕੇ ਬਣੇਗਾ। ਗਵਰਨਰਾਂ ਦਾ ਬੋਰਡ।

(2) ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ਦਾ ਇੰਚਾਰਜ ਮੰਤਰੀ ਚੇਅਰਮੈਨ ਹੋਵੇਗਾ।

(3) ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਵਾਈਸ-ਚੇਅਰਮੈਨ ਹੋਵੇਗਾ। ਚੇਅਰਮੈਨ ਦੀ ਗੈਰ-ਹਾਜ਼ਰੀ ਵਿੱਚ, ਵਾਈਸ-ਚੇਅਰਮੈਨ ਚੇਅਰਮੈਨ ਵਜੋਂ ਕਾਰਜ ਕਰੇਗਾ।

(4) (ੳ) ਚੇਅਰਮੈਨ ਆਮ ਤੌਰ ਤੇ ਬੋਰਡ ਦੀਆਂ ਇਕੱਤਰਤਾਵਾਂ ਦੀ ਪ੍ਰਧਾਨਗੀ ਕਰੇਗਾ।

(ਅ) ਚਾਂਸਲਰ ਯੂਨੀਵਰਸਿਟੀ ਦੀ ਕੌਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ ਅਤੇ ਜੇ ਉਹ ਇਸ ਦੀ ਪ੍ਰਧਾਨਗੀ ਕਰਨ ਦੇ ਅਸਮਰੱਥ ਹੈ, ਤਾਂ ਚੇਅਰਮੈਨ ਕੌਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ।

(5) (ੳ) ਚਾਂਸਲਰ, ਰਾਜ ਸਰਕਾਰ ਦੀ ਸਲਾਹ ਤੇ, ਬੋਰਡ ਦੇ ਹੇਠ-ਲਿਖੇ ਮੈਂਬਰਾਂ ਨੂੰ ਤਿੰਨ ਸਾਲਾਂ ਦੀ ਮੁਦਤ ਲਈ ਨਾਮਜ਼ਦ ਕਰੇਗਾ ਅਤੇ ਉਹ ਉਸੇ ਮੁਦਤ ਦੇ ਇੱਕ ਹੋਰ ਕਾਰਜਕਾਲ ਲਈ ਮੁੜ ਨਾਮਜ਼ਦਗੀ ਦੇ ਯੋਗ ਹੋਣਗੇ, ਅਰਥਾਤ:-

(i) ਉੱਘੇ ਉਦਯੋਗਪਤੀਆਂ ਵਿੱਚੋਂ ਦੋ ਮੈਂਬਰ;

(ii) ਉੱਘੇ ਸਿੱਖਿਆ ਸ਼ਾਸਤਰੀਆਂ ਵਿੱਚੋਂ ਦੋ ਮੈਂਬਰ; ਅਤੇ

(iii) ਯੂਨੀਵਰਸਿਟੀ ਦੇ ਵਿਭਾਗਾਂ ਦੇ ਮੁਖੀਆਂ ਵਿੱਚੋਂ ਵਾਰੀ ਨਾਲ਼ ਵਿਭਾਗ ਦੇ ਦੋ ਮੁਖੀ।

(ਅ) ਹੇਠ-ਲਿਖੇ ਅਹੁਦੇ-ਕਾਰਨ ਮੈਂਬਰ ਹੋਣਗੇ, ਅਰਥਾਤ:-

(i) ਵਾਈਸ-ਚਾਂਸਲਰ, ਸ਼ਹੀਦ ਭਗਤ ਸਿੰਘ ਰਾਜ ਯੂਨੀਵਰਸਿਟੀ;

(ii) ਵਾਈਸ-ਚਾਂਸਲਰ, ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ;

(iii) ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਉਚੇਰੀ ਸਿੱਖਿਆ ਵਿਭਾਗ;

(iv) ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ;

(v) ਫਿਰੋਜ਼ਪੁਰ (ਸ਼ਹਿਰੀ), ਵਿਧਾਨ ਸਭਾ ਹਲਕੇ ਤੋਂ ਪੰਜਾਬ ਵਿਧਾਨ ਸਭਾ ਦਾ ਮੈਂਬਰ;

(vi) ਫਿਰੋਜ਼ਪੁਰ (ਦਿਹਾਤੀ), ਵਿਧਾਨ ਸਭਾ ਹਲਕੇ ਤੋਂ ਪੰਜਾਬ ਵਿਧਾਨ ਸਭਾ ਦਾ ਮੈਂਬਰ;

(vii) ਡਾਇਰੈਕਟਰ, ਭਾਰਤੀ ਪ੍ਰਬੰਧਨ ਸੰਸਥਾਨ, ਅੰਮ੍ਰਿਤਸਰ;

(viii) ਡਾਇਰੈਕਟਰ, ਭਾਰਤੀ ਤਕਨੀਕੀ ਸੰਸਥਾਨ, ਰੋਪੜ;

(ix) ਵਾਈਸ-ਚੇਅਰਮੈਨ, ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ, ਨਵੀਂ ਦਿੱਲੀ ਜਾਂ ਉਸ ਦਾ ਨਾਮਜ਼ਦ;

(x) ਭਾਰਤੀ ਉਦਯੋਗ ਸੰਘ ਦਾ ਪ੍ਰਧਾਨ ਜਾਂ ਉਸ ਦਾ ਨਾਮਜ਼ਦ; ਅਤੇ

(xi) ਪ੍ਰਗਤੀ, ਸਦਭਾਵਨਾ ਅਤੇ ਵਣਜ ਅਤੇ ਉਦਯੋਗ ਵਿਕਾਸ ਚੈਂਬਰ ਦਾ ਪ੍ਰਧਾਨ ਜਾਂ ਉਸ ਦਾ ਨਾਮਜ਼ਦ।

(6) ਜਦੋਂ ਬੋਰਡ ਵਿੱਚ ਕਿਸੇ ਮੈਂਬਰ ਦੇ ਅਸਤੀਫੇ ਜਾਂ ਮੌਤ ਕਾਰਨ ਜਾਂ ਕਿਸੇ ਹੋਰ ਕਾਰਨ ਕੋਈ ਅਸਾਮੀ ਖਾਲੀ ਹੋ ਜਾਂਦੀ ਹੈ, ਤਾਂ ਉਸ ਨੂੰ ਉਪ-ਧਾਰਾ (5) ਵਿੱਚ ਉਪਬੰਧਤ ਗਏ ਤਰੀਕੇ ਨਾਲ਼ ਭਰਿਆ ਜਾਵੇਗਾ:

ਪਰੰਤੂ ਅਜਿਹੀ ਖਾਲੀ ਥਾਂ ਭਰਨ ਵਾਲਾ ਵਿਅਕਤੀ ਉਸ ਅਉਧ ਦੇ ਅਣਗੁਜ਼ਰੇ ਹਿੱਸੇ ਲਈ ਅਹੁਦਾ ਧਾਰਨ ਕਰੇਗਾ ਜਿਸ ਲਈ ਉਹ ਵਿਅਕਤੀ ਜਿਸ ਦੀ ਥਾਂ ਤੇ ਉਹ ਮੈਂਬਰ ਬਣਦਾ ਹੈ, ਹੋਰ ਤਰ੍ਹਾਂ ਅਹੁਦੇ ਤੇ ਬਣਿਆ ਰਹਿੰਦਾ।

(7) ਬੋਰਡ ਯੂਨੀਵਰਸਿਟੀ ਦੀ ਸਰਵਉੱਚ ਅਥਾਰਟੀ ਹੋਵੇਗਾ ਅਤੇ ਇਸ ਦੀਆਂ ਹੇਠ-ਲਿਖੀਆਂ ਸ਼ਕਤੀਆਂ ਅਤੇ ਕਾਰਜਕਾਰ ਹੋਣਗੇ, ਅਰਥਾਤ:-

(ੳ) ਯੂਨੀਵਰਸਿਟੀ ਦੇ ਕਾਰ-ਵਿਹਾਰਾਂ ਦੀ ਨਿਗਰਾਨੀ ਅਤੇ ਕੰਟਰੋਲ ਕਰਨਾ;

(ਅ) ਅਕਾਦਮਿਕ ਪ੍ਰੋਗਰਾਮਾਂ ਨੂੰ ਪ੍ਰਵਾਨਗੀ ਦੇਣਾ;

(ੲ) ਵਿਨਿਯਮ ਬਣਾਉਣਾ ਅਤੇ ਉਨ੍ਹਾਂ ਨੂੰ ਪ੍ਰਵਾਨ ਕਰਨਾ;

(ਸ) ਵੱਖ-ਵੱਖ ਅਕਾਦਮਿਕ ਪ੍ਰੋਗਰਾਮਾਂ ਨੂੰ ਚਲਾਉਣ ਲਈ ਵਿਭਾਗਾਂ/ਕੇਂਦਰਾਂ/ਸਕੂਲਾਂ/ਅਧਿਐਨ ਬੋਰਡਾਂ ਨੂੰ ਸਿਰਜਣਾ;

(ਹ) ਯੂਨੀਵਰਸਿਟੀ ਵਿੱਚ ਫੈਕਲਟੀ ਅਤੇ ਸਟਾਫ਼ ਦੀਆਂ ਅਸਾਮੀਆਂ ਦੀ ਸਿਰਜਣਾ ਕਰਨਾ;

(ਕ) ਯੂਨੀਵਰਸਿਟੀ ਬਜਟ ਨੂੰ ਪ੍ਰਵਾਨ ਕਰਨਾ;

(ਖ) ਯੂਨੀਵਰਸਿਟੀ ਦੇ ਫੰਡਾਂ ਨੂੰ ਪ੍ਰਸ਼ਾਸਤ ਕਰਨਾ ਅਤੇ ਕੰਟਰੋਲ ਕਰਨਾ ਅਤੇ ਬੈਂਕ ਖਾਤੇ ਖੋਲ੍ਹਣ ਅਤੇ ਚਲਾਉਣ ਲਈ ਅਧਿਕਾਰਤ ਕਰਨਾ;

(ਗ) ਯੂਨੀਵਰਸਿਟੀ ਦੀ ਚੁੱਕਵੀਂ, ਅਚੁੱਕਵੀਂ ਅਤੇ ਬੌਧਿਕ ਸੰਪੱਤੀ ਨੂੰ ਸਵੀਕਾਰ ਕਰਨਾ, ਮੁੰਤਕਿਲ ਕਰਨਾ ਅਤੇ ਹੋਰ ਤਰ੍ਹਾਂ ਕੰਟਰੋਲ ਕਰਨਾ;

(ਘ) ਯੂਨੀਵਰਸਿਟੀ ਦੀ ਸਾਂਝੀ ਮੋਹਰ ਦੇ ਰੂਪ ਅਤੇ ਵਰਤੋਂ ਬਾਰੇ ਫੈਸਲਾ ਕਰਨਾ;

(ਙ) ਅਜਿਹੀਆਂ ਕਮੇਟੀਆਂ ਨਿਯੁਕਤ ਕਰਨਾ ਜੋ ਯੂਨੀਵਰਸਿਟੀ ਦੇ ਕਾਰਜ ਕੁਸ਼ਲ ਕਾਜਕਾਰ ਲਈ ਲੋੜੀਂਦੀਆਂ ਹੋਣ;

(ਚ) ਯੂਨੀਵਰਸਿਟੀ ਦੇ ਫੈਕਲਟੀ ਅਤੇ ਸਟਾਫ਼ ਦੀਆਂ ਉਪਲੱਭਤਾ ਅਤੇ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ ਨੂੰ ਪ੍ਰਵਾਨ ਕਰਨਾ; ਅਤੇ

(ਛ) ਮੁਆਇਦੇ ਤੇ ਕੰਮਾਂ ਅਤੇ ਸੇਵਾਵਾਂ ਦੇ ਨਿਭਾਉਣ ਨੂੰ ਪ੍ਰਵਾਨ ਕਰਨਾ।

(8) ਬੋਰਡ ਦੀ ਇੱਕ ਸਾਲਾਨਾ ਇਕੱਤਰਤਾ ਵਾਈਸ-ਚਾਂਸਲਰ ਦੁਆਰਾ ਚੇਅਰਮੈਨ ਨਾਲ਼ ਮਸ਼ਵਰਾ ਕਰਕੇ ਨਿਯਤ ਕੀਤੀ ਜਾਣ ਵਾਲੀ ਤਰੀਕ ਨੂੰ ਹੋਵੇਗੀ। ਅਜਿਹੀ ਸਾਲਾਨਾ ਇਕੱਤਰਤਾ ਵਿੱਚ ਪੂਰਵਲੇ ਸਾਲ ਦੌਰਾਨ ਯੂਨੀਵਰਸਿਟੀ ਦੇ ਕੰਮਕਾਜ ਦੀ ਰਿਪੋਟ, ਆਮਦਨ ਅਤੇ ਖਰਚਿਆਂ ਦੇ ਵਿਵਰਣ, ਸੰਤੁਲਨ ਪੱਤਰ ਅਤੇ ਵਿੱਤੀ ਅਨੁਮਾਨਾਂ ਦੇ ਨਾਲ਼ ਪੇਸ਼ ਕੀਤੀ ਜਾਵੇਗੀ।

(9) ਬੋਰਡ ਦੀ ਵਿਸ਼ੇਸ਼ ਮੀਟਿੰਗ ਜਦੋਂ ਅਤੇ ਜਦ ਜ਼ਰੂਰਤ ਹੋਵੇ, ਚੇਅਰਮੈਨ ਦੁਆਰਾ ਬੁਲਾਈ ਜਾ ਸਕੇਗੀ।

(10) ਬੋਰਡ ਦੇ ਮੈਂਬਰ ਯੂਨੀਵਰਸਿਟੀ ਤੋਂ ਅਜਿਹੇ ਭੱਤਿਆਂ, ਜੇ ਕੋਈ ਹੋਣ, ਅਤੇ ਬੈਠਕ ਫੀਸਾਂ ਦੇ ਹੱਕਦਾਰ ਹੋਣਗੇ ਜਿਵੇਂ ਵਿਨਿਯਮਾਂ ਵਿੱਚ ਉਪਬੰਧਤ ਕੀਤਾ ਜਾਵੇ, ਪਰ ਕੋਈ ਵੀ ਮੈਂਬਰ, ਉਪ-ਧਾਰਾ (5) ਦੇ ਖੰਡ (ੳ) ਦੇ ਉਪ-ਖੰਡ (iii) ਅਤੇ ਖੰਡ (ਅ) ਦੇ ਉਪ-ਖੰਡ (i) ਵਿੱਚ ਦਰਸਾਏ ਗਏ ਵਿਅਕਤੀਆਂ ਤੋਂ ਇਲਾਵਾ, ਕਿਸੇ ਵੀ ਤਨਖਾਹ ਦਾ ਹੱਕਦਾਰ ਨਹੀਂ ਹੋਵੇਗਾ।

(11) ਬੋਰਡ ਦੀ ਕਿਸੇ ਇਕੱਤਰਤਾ ਵਿੱਚ ਚੇਅਰਮੈਨ ਸਮੇਤ ਛੇ ਮੈਂਬਰ ਕੋਰਮ ਬਣਾਉਣਗੇ।

(12) ਮੈਂਬਰਾਂ ਵਿਚਕਾਰ ਰਾਏ 'ਤੇ ਮਤਭੇਦ ਹੋਣ ਦੀ ਸੂਰਤ ਵਿੱਚ, ਬਹੁਮਤ ਦੀ ਰਾਏ ਪ੍ਰਬਲ ਹੋਵੇਗੀ।

(13) ਬੋਰਡ ਦੇ ਹਰੇਕ ਮੈਂਬਰ, ਸਮੇਤ ਚੇਅਰਮੈਨ, ਕੋਲ ਇੱਕ ਵੋਟ ਹੋਵੇਗੀ। ਜੇ ਬੋਰਡ ਦੁਆਰਾ ਨਿਰਧਾਰਤ ਕੀਤੇ ਜਾਣ ਵਾਲੇ ਕਿਸੇ ਵੀ ਪ੍ਰਸ਼ਨ ’ਤੇ ਵੋਟਾਂ ਦੀ ਬਰਾਬਰੀ ਹੋਵੇਗੀ, ਤਾਂ ਚੇਅਰਮੈਨ ਕੋਲ, ਇਸ ਤੋਂ ਇਲਾਵਾ, ਇੱਕ ਨਿਰਣਾਇਕ ਵੋਟ ਦੀ ਵਰਤੋਂ ਕਰਨ ਦੀ ਸ਼ਕਤੀ ਹੋਵੇਗੀ।

(14) ਬੋਰਡ ਦੀ ਹਰੇਕ ਇਕੱਤਰਤਾ ਦੀ ਪ੍ਰਧਾਨਗੀ ਆਮ ਤੌਰ ਤੇ ਚੇਅਰਮੈਨ ਦੁਆਰਾ ਕੀਤੀ ਜਾਵੇਗੀ ਅਤੇ ਉਸ ਦੀ ਗੈਰ-ਹਾਜ਼ਰੀ ਵਿੱਚ, ਵਾਈਸ-ਚੇਅਰਮੈਨ ਇਕੱਤਰਤਾ ਦੀ ਪ੍ਰਧਾਨਗੀ ਕਰੇਗਾ।

(15) ਕੋਈ ਵੀ ਮਤਾ, ਬੋਰਡ ਦੀ ਇਕੱਤਰਤਾ ਦੇ ਸਾਹਮਣੇ ਰੱਖੇ ਜਾਣ ਵਾਲੇ ਮਤੇ ਨੂੰ ਛੱਡ ਕੇ, ਇਸ ਦੇ ਸਾਰੇ ਮੈਂਬਰਾਂ ਵਿਚਕਾਰ ਸਰਕੂਲੇਸ਼ਨ ਦੁਆਰਾ ਅਪਣਾਇਆ ਜਾ ਸਕੇਗਾ। ਇਸ ਤਰ੍ਹਾਂ ਸਰਕੂਲੇਟ ਕੀਤੇ ਅਤੇ ਮੈਂਬਰਾਂ ਦੀ ਬਹੁਗਿਣਤੀ ਦੁਆਰਾ ਅਪਣਾਇਆ ਗਿਆ ਕੋਈ ਵੀ ਮਤਾ, ਜਿਨ੍ਹਾਂ ਨੇ ਅਜਿਹੇ ਮਤੇ ਨੂੰ ਆਪਣੀ ਪ੍ਰਵਾਨਗੀ ਜਾਂ ਅਪ੍ਰਵਾਨਗੀ ਦਿੱਤੀ ਹੈ, ਓਨਾ ਹੀ ਪ੍ਰਭਾਵਸ਼ਾਲੀ ਅਤੇ ਬੰਧਨਕਾਰੀ ਹੋਵੇਗਾ ਜਿਵੇਂ ਅਜਿਹਾ ਮਤਾ ਬੋਰਡ ਦੀ ਇਕੱਤਰਤਾ ਵਿੱਚ ਅਪਣਾਇਆ ਗਿਆ ਹੋਵੇ:

ਪਰੰਤੂ ਅਜਿਹੇ ਸਰਕੂਲੇਸ਼ਨ ਦੁਆਰਾ ਕਿਸੇ ਵੀ ਫੈਸਲੇ ਲਈ ਬੋਰਡ ਦੇ ਘੱਟੋ-ਘੱਟ ਚਾਰ ਮੈਂਬਰਾਂ ਨੂੰ ਲਿਖਤੀ ਰੂਪ ਵਿੱਚ ਮਤੇ ਦਾ ਸਮਰਥਨ ਕਰਨਾ ਚਾਹੀਦਾ ਹੈ।

ਅਕਾਦਮਿਕ ਕੌਂਸਲ।

14. (1) ਅਕਾਦਮਿਕ ਕੌਂਸਲ ਯੂਨੀਵਰਸਿਟੀ ਦੀ ਅਕਾਦਮਿਕ ਬੌਡੀ ਹੋਵੇਗੀ ਅਤੇ, ਇਸ ਐਕਟ ਅਤੇ ਵਿਨਿਯਮਾਂ ਦੇ ਉਪਬੰਧਾਂ ਦੇ ਤਾਬੇ, ਯੂਨੀਵਰਸਿਟੀ ਦੇ ਅੰਦਰ ਸਿੱਖਿਆ-ਦੀਖਿਆ, ਸਿੱਖਿਆ ਅਤੇ ਪ੍ਰੀਖਿਆ ਦੇ ਮਿਆਰ ਨੂੰ ਬਣਾਈ ਰੱਖਣ ਲਈ ਕੰਟਰੋਲ ਰੱਖੇਗੀ ਅਤੇ ਜ਼ਿੰਮੇਵਾਰ ਹੋਵੇਗੀ ਅਤੇ ਅਜਿਹੀਆਂ ਹੋਰ ਸ਼ਕਤੀਆਂ ਦੀ ਵਰਤੋਂ ਕਰੇਗੀ ਅਤੇ ਅਜਿਹੇ ਹੋਰ ਕਰਤੱਵ ਨਿਭਾਏਗੀ, ਜੋ ਵਿਨਿਯਮਾਂ ਦੁਆਰਾ ਇਸ ਨੂੰ ਪ੍ਰਦਾਨ ਕੀਤੇ ਜਾਂ ਅਰੋਪੇ ਜਾਣ। ਇਸ ਨੂੰ ਸਾਰੇ ਅਕਾਦਮਿਕ ਮਾਮਲਿਆਂ ’ਤੇ ਬੋਰਡ ਨੂੰ ਸਲਾਹ ਦੇਣ ਦਾ ਅਧਿਕਾਰ ਹੋਵੇਗਾ।

(2) ਅਕਾਦਮਿਕ ਕੌਂਸਲ ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੇਗੀ, ਅਰਥਾਤ:-

| | | |
|---|---|---|
| (i) | ਵਾਈਸ-ਚਾਂਸਲਰ; | : ਚੇਅਰਮੈਨ |
| (ii) | ਫੈਕਲਟੀਆਂ ਦੇ ਡੀਨ; | : ਮੈਂਬਰ |
| (iii) | ਯੂਨੀਵਰਸਿਟੀ ਦੇ ਸਾਰੇ ਵਿਭਾਗਾਂ ਜਾਂ ਸਕੂਲਾਂ ਦੇ ਮੁਖੀ; | : ਮੈਂਬਰ |
| (iv) | ਬੋਰਡ ਦੁਆਰਾ ਨਾਮਜ਼ਦ ਕੀਤੇ ਜਾਣ ਵਾਲੇ ਰਾਜ ਵਿੱਚ ਸਥਿਤ ਤਿੰਨ ਕਾਲਜਾਂ ਦੇ ਪ੍ਰਿੰਸੀਪਲ; | : ਮੈਂਬਰ |

(v) ਡਾਇਰੈਕਟਰ, ਭਾਰਤੀ ਤਕਨੀਕੀ ਸੰਸਥਾਨ, ਰੋਪੜ (ਪੰਜਾਬ); : ਮੈਂਬਰ

(vi) ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ; : ਮੈਂਬਰ

(vii) ਬੋਰਡ ਦੁਆਰਾ ਨਾਮਜ਼ਦ ਕੀਤੇ ਜਾਣ ਵਾਲੇ ਦੋ ਉੱਘੇ ਉਦਯੋਗਪਤੀ; ਅਤੇ : ਮੈਂਬਰ

(viii) ਬੋਰਡ ਦੁਆਰਾ ਨਾਮਜ਼ਦ ਕੀਤੇ ਜਾਣ ਵਾਲੇ ਦੋ ਉੱਘੇ ਸ਼ਾਸਤਰੀ। : ਮੈਂਬਰ

ਲੜੀ ਨੰਬਰ (iv), (vii) ਅਤੇ (viii) ਵਿੱਚ ਜ਼ਿਕਰ ਕੀਤੇ ਮੈਂਬਰਾਂ ਦੀ ਨਾਮਜ਼ਦਗੀ ਦੋ ਸਾਲਾਂ ਦੀ ਮੁੱਦਤ ਲਈ ਹੋਵੇਗੀ।

15. (1) ਯੋਜਨਾ ਬੋਰਡ ਹੇਠ-ਲਿਖਿਆਂ ਤੋਂ ਮਿਲਕੇ ਬਣੇਗਾ,- ਯੋਜਨਾ ਬੋਰਡ ।

(ੳ) ਵਾਈਸ-ਚਾਂਸਲਰ;

(ਅ) ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ ਜਾਂ ਉਸ ਦਾ ਨਾਮਜ਼ਦ;

(ੲ) ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਉਚੇਰੀ ਸਿੱਖਿਆ ਵਿਭਾਗ ਜਾਂ ਉਸ ਦਾ ਨਾਮਜ਼ਦ;

(ਸ) ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਜਾਂ ਉਸ ਦਾ ਨਾਮਜ਼ਦ;

(ਹ) ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਜਾਂ ਉਸ ਦਾ ਨਾਮਜ਼ਦ;

(ਕ) ਜਨਤਕ ਜੀਵਨ, ਸਿੱਖਿਆ ਅਤੇ ਉਦਯੋਗ ਵਿੱਚ ਉੱਚ ਤਜ਼ਰਬੇ ਵਾਲੇ ਦਸ ਤੋਂ ਨ ਵੱਧ ਵਿਅਕਤੀ, ਜੋ ਰਾਜ ਸਰਕਾਰ ਦੁਆਰਾ ਨਿਯੁਕਤ ਕੀਤੇ ਜਾਣਗੇ; ਅਤੇ

(ਖ) ਰਜਿਸਟਰਾਰ ਯੋਜਨਾ ਬੋਰਡ ਦਾ ਸਕੱਤਰ ਹੋਵੇਗਾ।

(2) ਯੋਜਨਾ ਬੋਰਡ ਦੀਆਂ ਸਿਫਾਰਸ਼ਾਂ ਯੂਨੀਵਰਸਿਟੀ ਦੀਆਂ ਮੁਨਾਸਬ ਅਥਾਰਟੀਆਂ ਦੁਆਰਾ ਪ੍ਰਵਾਨ ਕੀਤੇ ਜਾਣ ਤੋਂ ਬਾਅਦ ਪਰਿਪਾਲਣ ਕੀਤੀਆਂ ਜਾਣਗੀਆਂ।

(3) ਯੋਜਨਾ ਬੋਰਡ ਯੂਨੀਵਰਸਿਟੀ ਦੀ ਯੋਜਨਾਬੰਦੀ ਅਤੇ ਵਿਕਾਸ ਬਾਰੇ ਖਾਸ ਕਰਕੇ ਯੂਨੀਵਰਸਿਟੀ ਵਿੱਚ ਸਿੱਖਿਆ ਅਤੇ ਖੋਜ ਦੇ ਮਿਆਰ ਦੇ ਸਬੰਧ ਵਿੱਚ ਸਲਾਹ ਦੇਵੇਗਾ।

ਵਿੱਤ ਕਮੇਟੀ । 16. (1) ਵਿੱਤ ਕਮੇਟੀ ਹੇਠ-ਲਿਖੇ ਮੈਂਬਰਾਂ ਤੋਂ ਮਿਲਕੇ ਬਣੇਗੀ, ਅਰਥਾਤ:-

| | | | |
|---|---|---|---|
| (i) | ਵਾਈਸ-ਚਾਂਸਲਰ; | : | ਚੇਅਰਮੈਨ |
| (ii) | ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ; | : | ਮੈਂਬਰ |
| (iii) | ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ; | : | ਮੈਂਬਰ |
| (iv) | ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ; ਅਤੇ | : | ਮੈਂਬਰ |
| (v) | ਰਜਿਸਟਰਾਰ। | : | ਮੈਂਬਰ ਸਕੱਤਰ |

(2) ਵਿੱਤ ਕਮੇਟੀ ਬੋਰਡ ਨੂੰ ਸਾਰੇ ਵਿੱਤੀ ਮਾਮਲਿਆਂ ਬਾਰੇ ਸਲਾਹ ਦੇਵੇਗੀ।

(3) ਵਿੱਤੀ ਭਾਵਰਥਾਂ ਵਾਲੇ ਸਾਰੇ ਮਾਮਲਿਆਂ ਨੂੰ ਪਹਿਲਾਂ ਵਿੱਤ ਕਮੇਟੀ ਦੁਆਰਾ ਪ੍ਰਵਾਨ ਕੀਤਾ ਜਾਵੇਗਾ ਅਤੇ ਸਿਰਫ਼ ਉਸ ਤੋਂ ਬਾਅਦ, ਵਿਚਾਰਨ ਲਈ ਗਵਰਨਰਾਂ ਦੇ ਬੋਰਡ ਅੱਗੇ ਰੱਖੇ ਜਾਣਗੇ।

ਯੂਨੀਵਰਸਿਟੀ ਦੀਆਂ ਅਥਾਰਟੀਆਂ ਦੀਆਂ ਸ਼ਕਤੀਆਂ ਅਤੇ ਕਰਤੱਵ । 17. ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਯੂਨੀਵਰਸਿਟੀ ਦੀਆਂ ਅਥਾਰਟੀਆਂ ਦਾ ਗਠਨ, ਸ਼ਕਤੀਆਂ ਅਤੇ ਕਰਤੱਵ, ਬੋਰਡ ਅਤੇ ਅਕਾਦਮਿਕ ਕੌਂਸਲ ਤੋਂ ਇਲਾਵਾ, ਵਿਨਿਯਮਾਂ ਦੁਆਰਾ ਉਪਬੰਧਤ ਕੀਤੇ ਜਾਣਗੇ।

ਵਿਨਿਯਮਾਂ ਦਾ ਬਣਾਉਣਾ, ਸੋਧ, ਨਿਰਸਨ ਅਤੇ ਅਮਲ । 18. (1) ਯੂਨੀਵਰਸਿਟੀ ਦੇ ਪਹਿਲੇ ਵਿਨਿਯਮ ਰਾਜ ਸਰਕਾਰ ਦੁਆਰਾ ਬਣਾਏ ਜਾਣਗੇ ਅਤੇ ਸਰਕਾਰੀ ਗਜ਼ਟ ਵਿੱਚ ਅਧਿਸੂਚਿਤ ਕੀਤੇ ਜਾਣਗੇ।

(2) ਬੋਰਡ, ਸਮੇਂ-ਸਮੇਂ ਤੇ, ਨਵੇਂ ਜਾਂ ਵਾਧੂ ਵਿਨਿਯਮ ਬਣਾ ਸਕੇਗਾ ਜਾਂ ਵਿਨਿਯਮਾਂ ਵਿੱਚ ਸੋਧ ਜਾਂ ਉਨ੍ਹਾਂ ਨੂੰ ਨਿਰਸਤ ਕਰ ਸਕੇਗਾ:

ਪਰੰਤੂ ਬੋਰਡ ਯੂਨੀਵਰਸਿਟੀ ਦੇ ਕਿਸੇ ਮੌਜੂਦਾ ਅਥਾਰਟੀ ਦੀ ਪ੍ਰਤਿਸ਼ਠਾ, ਸ਼ਕਤੀਆਂ ਜਾਂ ਗਠਨ ਨੂੰ ਪ੍ਰਭਾਵਿਤ ਕਰਨ ਵਾਲੇ ਵਿਨਿਯਮਾਂ ਦੇ ਸੋਧ ਦਾ ਖਰੜਾ ਤਜਵੀਜ਼ ਨਹੀਂ ਕਰੇਗਾ, ਜਦੋਂ ਤੱਕ ਅਜਿਹੀ ਅਥਾਰਟੀ ਨੂੰ ਤਜਵੀਜ਼ ਤੇ ਰਾਏ ਪ੍ਰਗਟ ਕਰਨ ਦਾ ਮੌਕਾ

ਨਹੀਂ ਦੇ ਦਿੱਤਾ ਜਾਂਦਾ ਅਤੇ ਇਸ ਤਰ੍ਹਾਂ ਪ੍ਰਗਟਾਈ ਗਈ ਕੋਈ ਰਾਏ ਲਿਖਤੀ ਰੂਪ ਵਿੱਚ ਹੋਵੇਗੀ ਅਤੇ ਬੋਰਡ ਦੁਆਰਾ ਵਿਚਾਰੀ ਜਾਵੇਗੀ।

(3) ਹਰੇਕ ਨਵੇਂ ਵਿਨਿਯਮਾਂ ਜਾਂ ਵਿਨਿਯਮਾਂ ਦਾ ਕੋਈ ਵਾਧਾ, ਜਾਂ ਕੋਈ ਸੋਧ ਜਾਂ ਨਿਰਸਨ ਲਈ ਰਾਜ ਸਰਕਾਰ ਦੀ ਪ੍ਰਵਾਨਗੀ ਲੋੜੀਂਦੀ ਹੋਵੇਗੀ, ਜੋ ਇਸ ਨੂੰ ਪ੍ਰਵਾਨ ਕਰ ਸਕੇਗੀ, ਨਾਮਨਜ਼ੂਰ ਕਰ ਸਕੇਗੀ ਜਾਂ ਇਸ ਨੂੰ ਅੱਗੇ ਵਿਚਾਰ ਲਈ ਬੋਰਡ ਨੂੰ ਭੇਜ ਸਕੇਗੀ।

19. ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਵਿਨਿਯਮ ਹੇਠ-ਲਿਖੇ ਸਾਰਿਆਂ ਜਾਂ ਕਿਸੇ ਮਾਮਲੇ ਲਈ ਉਪਬੰਧ ਕਰ ਸਕਣਗੇ, ਅਰਥਾਤ:- ਵਿਨਿਯਮ।

(ੳ) ਅਕਾਦਮਿਕ ਕੌਂਸਲ ਅਤੇ ਅਜਿਹੀਆਂ ਹੋਰ ਅਥਾਰਟੀਆਂ ਦਾ ਗਠਨ, ਸ਼ਕਤੀਆਂ ਅਤੇ ਕਰਤੱਵ ਜੋ ਸਮੇਂ-ਸਮੇਂ ਤੇ ਗਠਤ ਕਰਨ ਲਈ ਜ਼ਰੂਰੀ ਸਮਝੇ ਜਾਣ;

(ਅ) ਯੂਨੀਵਰਸਿਟੀ ਦੇ ਅਧਿਕਾਰੀਆਂ ਦੀਆਂ ਨਿਯੁਕਤੀਆਂ, ਸ਼ਕਤੀਆਂ ਅਤੇ ਕਰਤੱਵ;

(ੲ) ਯੂਨੀਵਰਸਿਟੀ ਦੇ ਅਧਿਕਾਰੀਆਂ ਅਤੇ ਹੋਰ ਕਰਮਚਾਰੀਆਂ ਦੇ ਫਾਇਦੇ ਲਈ ਗ੍ਰੈਚੁਟੀ ਅਤੇ ਪ੍ਰਾਵੀਡੈਂਟ ਫੰਡ ਦਾ ਗਠਨ ਅਤੇ ਬੀਮਾ ਸਕੀਮ ਦੀ ਸਥਾਪਨਾ;

(ਸ) ਮਾਨ-ਅਰਥ ਡਿਗਰੀਆਂ ਪ੍ਰਦਾਨ ਕਰਨਾ;

(ਹ) ਡਿਗਰੀਆਂ, ਡਿਪਲੋਮੇ, ਸਰਟੀਫਿਕੇਟ ਅਤੇ ਹੋਰ ਅਕਾਦਮਿਕ ਉਪਾਧੀਆਂ ਨੂੰ ਵਾਪਸ ਲੈਣਾ;

(ਕ) ਫੈਕਲਟੀਆਂ, ਵਿਭਾਗਾਂ, ਵੱਡੇ ਕਮਰਿਆਂ, ਹੋਸਟਲਾਂ, ਕੇਂਦਰਾਂ ਅਤੇ ਸਕੂਲਾਂ ਦੀ ਸਥਾਪਨਾ ਅਤੇ ਉਨ੍ਹਾਂ ਦਾ ਗਠਨ ਕਰਨਾ;

(ਖ) ਉਹ ਸ਼ਰਤਾਂ ਜਿਨ੍ਹਾਂ ਅਧੀਨ ਕਾਲਜਾਂ, ਸਕੂਲਾਂ ਅਤੇ ਕੇਂਦਰਾਂ ਨੂੰ ਯੂਨੀਵਰਸਿਟੀ ਦੇ ਵਿਸ਼ੇਸ਼ ਅਧਿਕਾਰ ਪ੍ਰਾਪਤ ਕਰਵਾਏ ਜਾ ਸਕਣਗੇ ਅਤੇ ਅਜਿਹੇ ਵਿਸ਼ੇਸ਼ ਅਧਿਕਾਰਾਂ ਦਾ ਵਾਪਸ ਲੈਣਾ;

(ਗ) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਦਾ ਦਾਖਲਾ ਅਤੇ ਇਸ ਤਰ੍ਹਾਂ ਉਨ੍ਹਾਂ ਦੇ ਨਾਂ ਦਰਜ ਕਰਨਾ;

(ਘ) ਯੂਨੀਵਰਸਿਟੀ ਦੀਆਂ ਸਾਰੀਆਂ ਡਿਗਰੀਆਂ, ਡਿਪਲੋਮਿਆਂ ਅਤੇ ਸਰਟੀਫਿਕੇਟਾਂ ਲਈ ਨਿਯਤ ਕੀਤੇ ਜਾਣ ਵਾਲੇ ਅਧਿਐਨ ਦੇ ਕੋਰਸ;

(ਙ) ਯੂਨੀਵਰਸਿਟੀ ਦੁਆਰਾ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਡਿਗਰੀਆਂ, ਡਿਪਲੋਮੇ ਸਰਟੀਫਿਕੇਟ ਅਤੇ ਹੋਰ ਅਕਾਦਮਿਕ ਉਪਾਧੀਆਂ, ਉਨ੍ਹਾਂ ਲਈ

ਕਾਬਲੀਅਤਾਂ ਅਤੇ ਉਨ੍ਹਾਂ ਨੂੰ ਦੇਣ ਅਤੇ ਪ੍ਰਾਪਤ ਕਰਨ ਸਬੰਧੀ ਲਈਆਂ ਜਾਣ ਵਾਲੀਆਂ ਰਕਮਾਂ;

(ਚ) ਯੂਨੀਵਰਸਿਟੀ ਵਿੱਚ ਅਧਿਐਨ ਦੇ ਕੋਰਸਾਂ ਲਈ ਅਤੇ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਵਿੱਚ ਦਾਖ਼ਲੇ, ਡਿਗਰੀਆਂ, ਡਿਪਲੋਮਿਆਂ ਅਤੇ ਸਰਟੀਫਿਕੇਟਾਂ ਲਈ ਲਈਆਂ ਜਾਣ ਵਾਲੀਆਂ ਫੀਸਾਂ;

(ਛ) ਫੈਲੋਸ਼ਿਪਾਂ, ਵਜ਼ੀਫੇ, ਵਿਦਿਆਰਥੀ ਵਜ਼ੀਫੇ, ਵਜ਼ੀਫੇ, ਮੈਡਲਾਂ ਅਤੇ ਇਨਾਮਾਂ ਦੇ ਦੇਣ ਲਈ ਸ਼ਰਤਾਂ;

(ਜ) ਪ੍ਰੀਖਿਆਵਾਂ ਦਾ ਸੰਚਾਲਨ, ਜਿਸ ਵਿੱਚ ਪ੍ਰੀਖਿਆ ਲੈਣ ਵਾਲੀਆਂ ਬੌਡੀਆਂ, ਪ੍ਰੀਖਿਅਕਾਂ ਅਤੇ ਮਾਡਰੇਟਰਾਂ ਦੇ ਅਹੁਦੇ ਦੀ ਅਉਧ ਅਤੇ ਨਿਯੁਕਤੀ ਦਾ ਤਰੀਕਾ ਅਤੇ ਕਰਤੱਵ ਸ਼ਾਮਲ ਹਨ;

(ਝ) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਵਿੱਚ ਅਨੁਸ਼ਾਸਨ ਬਣਾਈ ਰੱਖਣਾ;

(ਞ) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਦੀ ਰਿਹਾਇਸ਼ ਦੀਆਂ ਸ਼ਰਤਾਂ;

(ਟ) ਯੂਨੀਵਰਸਿਟੀ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਉਪਲੱਭਤਾਵਾਂ ਅਤੇ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ;

(ਠ) ਯੂਨੀਵਰਸਿਟੀ ਦੁਆਰਾ ਸਥਾਪਿਤ ਜਾਂ ਸੰਭਾਲੇ ਜਾਂਦੇ ਸਕੂਲਾਂ ਅਤੇ ਕੇਂਦਰਾਂ ਦਾ ਪ੍ਰਬੰਧ;

(ਡ) ਯੂਨੀਵਰਸਿਟੀ ਦੇ ਵਿਸ਼ੇਸ਼ ਅਧਿਕਾਰ ਪ੍ਰਾਪਤ ਸਕੂਲਾਂ ਅਤੇ ਕੇਂਦਰਾਂ ਦੀ ਨਿਗਰਾਨੀ ਅਤੇ ਨਿਰੀਖਣ; ਅਤੇ

(ਢ) ਸਾਰੇ ਹੋਰ ਮਾਮਲੇ, ਜੋ ਇਸ ਐਕਟ ਦੁਆਰਾ ਉਪਬੰਧਤ ਹਨ ਜਾਂ ਜਿਨ੍ਹਾਂ ਲਈ ਵਿਨਿਯਮਾਂ ਦੁਆਰਾ ਉਪਬੰਧ ਕੀਤਾ ਜਾ ਸਕਦਾ ਹੈ।

ਉਪ-ਵਿਨਿਯਮ। 20. (1) ਅਥਾਰਟੀਆਂ ਇਸ ਐਕਟ ਅਤੇ ਵਿਨਿਯਮਾਂ ਨਾਲ ਸੰਗਤ ਹੇਠ-ਲਿਖੇ ਸਾਰਿਆਂ ਜਾਂ ਕਿਸੇ ਮਾਮਲੇ ਲਈ ਉਪ-ਵਿਨਿਯਮ ਬਣਾ ਸਕਣਗੀਆਂ, ਅਰਥਾਤ:-

(ੳ) ਉਨ੍ਹਾਂ ਦੀਆਂ ਇਕੱਤਰਤਾਵਾਂ ਵਿੱਚ ਅਪਣਾਇਆ ਜਾਣ ਵਾਲਾ ਜ਼ਾਬਤਾ ਅਤੇ ਕੋਰਮ ਬਣਾਉਣ ਲਈ ਲੋੜੀਂਦੇ ਮੈਂਬਰਾਂ ਦੀ ਗਿਣਤੀ ਨਿਯਤ ਕਰਨਾ;

(ਅ) ਉਨ੍ਹਾਂ ਸਾਰੇ ਮਾਮਲਿਆਂ ਲਈ ਉਪਬੰਧ ਕਰਨਾ ਜਿਹੜੇ ਇਸ ਐਕਟ ਅਤੇ ਵਿਨਿਯਮਾਂ ਦੁਆਰਾ ਉਲਿਖਤ ਕੀਤੇ ਜਾਣੇ ਹਨ।

(2) ਹਰੇਕ ਅਥਾਰਟੀ ਅਜਿਹੀ ਅਥਾਰਟੀ ਦੇ ਮੈਂਬਰਾਂ ਨੂੰ ਇਕੱਤਰਤਾਵਾਂ ਦੀਆਂ ਤਾਰੀਕਾਂ ਦਾ ਅਤੇ ਇਕੱਤਰਤਾਵਾਂ ਵਿੱਚ ਵਿਚਾਰੇ ਜਾਣ ਵਾਲੇ ਕੰਮ-ਕਾਰ ਦਾ ਨੋਟਿਸ ਦੇਣ

ਅਤੇ ਇਕੱਤਰਤਾਵਾਂ ਦੀਆਂ ਕਾਰਵਾਈ ਰਿਪੋਟਾਂ ਦਾ ਰਿਕਾਰਡ ਰੱਖਣ ਲਈ ਉਪਬੰਧ ਕੀਤੇ ਜਾਣ ਲਈ ਉਪ-ਵਿਨਿਯਮ ਬਣਾਵੇਗੀ।

21. ਰਾਜ ਸਰਕਾਰ, ਸਮੇਂ-ਸਮੇਂ ਤੇ, ਯੂਨੀਵਰਸਿਟੀ ਦੀ ਪੂੰਜੀ, ਆਵਰਤਕ ਜਾਂ ਹੋਰ ਖਰਚ ਨੂੰ ਪੂਰਾ ਕਰਨ ਲਈ ਗ੍ਰਾਂਟਾਂ ਦੇ ਰੂਪ ਵਿੱਚ ਅਜਿਹੀਆਂ ਰਕਮਾਂ ਪ੍ਰਦਾਨ ਕਰ ਸਕੇਗੀ, ਜੋ ਉਹ ਉਚਿਤ ਸਮਝੇ। ਫੰਡਾਂ ਦਾ ਕਾਰਪਸ।

22. ਯੂਨੀਵਰਸਿਟੀ ਦੀ ਸਾਲਾਨਾ ਰਿਪੋਰਟ ਤਿਆਰ ਕੀਤੀ ਜਾਵੇਗੀ ਅਤੇ ਅਜਿਹੀ ਤਰੀਕ ਨੂੰ ਜਾਂ ਪਹਿਲਾਂ ਜੋ ਵਿਨਿਯਮਾਂ ਦੁਆਰਾ ਮੁਕੱਰਰ ਕੀਤੀ ਜਾਵੇ, ਬੋਰਡ ਨੂੰ ਇਸ ਦੀ ਸਾਲਾਨਾ ਇਕੱਤਰਤਾ ਵਿੱਚ ਪ੍ਰਵਾਨਗੀ ਲਈ ਪੇਸ਼ ਕੀਤੀ ਜਾਵੇਗੀ। ਸਾਲਾਨਾ ਰਿਪੋਰਟ।

23. ਯੂਨੀਵਰਸਿਟੀ ਦੀ ਆਮਦਨ ਅਤੇ ਖਰਚ ਦੇ ਲੇਖੇ ਹਰੇਕ ਸਾਲ ਇੱਕ ਵਾਰੀ ਰਾਜ ਸਰਕਾਰ ਨੂੰ ਅਜਿਹੀ ਪ੍ਰੀਖਿਆ ਅਤੇ ਆਡਿਟ ਲਈ ਪੇਸ਼ ਕੀਤੇ ਜਾਣਗੇ, ਜਿਵੇਂ ਰਾਜ ਸਰਕਾਰ ਨਿਰਦੇਸ਼ ਦੇਵੇ। ਜਦੋਂ ਲੇਖਿਆਂ ਦਾ ਆਡਿਟ ਹੋ ਜਾਵੇ, ਤਾਂ ਉਨ੍ਹਾਂ ਨੂੰ ਰਾਜ ਸਰਕਾਰ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਿਤ ਕੀਤਾ ਜਾਵੇਗਾ। ਸਾਲਾਨਾ ਲੇਖੇ।

24. ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਕਿਸੇ ਹੋਰ ਬੌਡੀ ਦੁਆਰਾ ਇਸ ਐਕਟ ਅਧੀਨ ਕੀਤਾ ਗਿਆ ਕੋਈ ਕਾਰਜ ਜਾਂ ਕੀਤੀਆਂ ਗਈਆਂ ਕਾਰਵਾਈਆਂ ਕੇਵਲ ਹੇਠ-ਲਿਖੇ ਕਾਰਨਾਂ ਕਰਕੇ ਨਾਜਾਇਜ਼ ਨਹੀਂ ਹੋਣਗੀਆਂ, ਅਰਥਾਤ:- ਅਥਾਰਟੀਆਂ ਅਤੇ ਬੌਡੀਆਂ ਦੇ ਕਾਰਜਾਂ ਜਾਂ ਕਾਰਵਾਈਆਂ ਦਾ ਖਾਲੀ ਥਾਵਾਂ ਕਾਰਨ ਨਾਜਾਇਜ਼ ਨ ਹੋਣਾ ।

(ੳ) ਅਥਾਰਟੀ ਜਾਂ ਬੌਡੀ ਦੇ ਗਠਨ ਵਿੱਚ ਖਾਲੀ ਥਾਂ ਜਾਂ ਤਰੁੱਟੀ ਹੈ;

(ਅ) ਉਸਦੇ ਮੈਂਬਰ ਵਜੋਂ ਕਾਰਜ ਕਰ ਰਹੇ ਕਿਸੇ ਵਿਅਕਤੀ ਦੀ ਨਾਮਜ਼ਦਗੀ ਜਾਂ ਨਿਯੁਕਤੀ ਵਿੱਚ ਕੋਈ ਤਰੁੱਟੀ ਜਾਂ ਬੇਕਾਇਦਗੀ ਹੈ; ਅਤੇ

(ੲ) ਅਜਿਹੇ ਕਾਰਜ ਜਾਂ ਕਾਰਵਾਈ ਵਿੱਚ, ਕੋਈ ਅਜਿਹੀ ਤਰੁੱਟੀ ਜਾਂ ਬੇਕਾਇਦਗੀ ਹੈ ਜੋ ਮਾਮਲੇ ਦੇ ਗੁਣਾਂ 'ਤੇ ਪ੍ਰਭਾਵ ਨਹੀਂ ਪਾਉਂਦੀ।

25. ਜੇ ਕੋਈ ਸਵਾਲ ਪੈਦਾ ਹੁੰਦਾ ਹੈ ਕਿ ਕਿਸੇ ਵਿਅਕਤੀ ਨੂੰ ਠੀਕ ਤੌਰ ਤੇ ਨਾਮਜ਼ਦ ਜਾਂ ਨਿਯੁਕਤ ਕੀਤਾ ਗਿਆ ਹੈ ਜਾਂ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਬੌਡੀ ਦਾ ਮੈਂਬਰ ਬਣਨ ਦਾ ਹੱਕਦਾਰ ਹੈ, ਤਾਂ ਮਾਮਲਾ ਚਾਂਸਲਰ ਨੂੰ ਭੇਜਿਆ ਜਾਵੇਗਾ, ਜਿਸ ਤੇ ਉਸਦਾ ਫੈਸਲਾ ਅੰਤਿਮ ਹੋਵੇਗਾ। ਅਥਾਰਟੀਆਂ ਅਤੇ ਬੌਡੀਆਂ ਦੇ ਗਠਨ ਬਾਰੇ ਝਗੜੇ ।

26. (1) ਰਾਜ ਸਰਕਾਰ ਕੋਲ ਨੀਤੀ ਦੇ ਕਿਸੇ ਮਾਮਲੇ ਬਾਬਤ ਜਾਂ ਇਸ ਐਕਟ ਦੇ ਉਪਬੰਧਾਂ ਜਾਂ ਇਸ ਅਧੀਨ ਬਣਾਏ ਗਏ ਵਿਨਿਯਮਾਂ ਦੀ ਉਲੰਘਣਾ ਵਿੱਚ ਯੂਨੀਵਰਸਿਟੀ ਦੁਆਰਾ ਕੀਤੇ ਗਏ ਕਿਸੇ ਕਾਰਜ ਦੇ ਬਾਰੇ ਵਿੱਚ ਯੂਨੀਵਰਸਿਟੀ ਨੂੰ ਹਵਾਲਾ ਕਰਨ ਦੀਆਂ ਸ਼ਕਤੀਆਂ ਹੋਣਗੀਆਂ। ਰਾਜ ਸਰਕਾਰ ਦੀਆਂ ਸ਼ਕਤੀਆਂ

(2) ਯੂਨੀਵਰਸਿਟੀ ਰਾਜ ਸਰਕਾਰ ਨੂੰ ਉਸ ਕਾਰਵਾਈ ਬਾਰੇ ਰਿਪੋਟ ਕਰੇਗੀ, ਜੇਕਰ ਕੋਈ ਹੋਵੇ, ਜੋ ਉਹ ਉਪ-ਧਾਰਾ (1) ਅਧੀਨ ਕੀਤੇ ਹਵਾਲੇ 'ਤੇ ਕਰਨ ਦੀ ਤਜ਼ਵੀਜ਼ ਰੱਖਦੀ ਹੈ ਜਾਂ ਕੀਤੀ ਹੈ ਅਤੇ ਜੇਕਰ ਉਹ ਕਾਰਵਾਈ ਕਰਨ ਵਿੱਚ ਅਸਫ਼ਲ ਰਹਿੰਦੀ ਹੈ, ਤਾਂ ਰਾਜ ਸਰਕਾਰ ਨੂੰ ਸਪੱਸ਼ਟੀਕਰਨ ਪੇਸ਼ ਕਰੇਗੀ।

(3) ਜੇ, ਯੂਨੀਵਰਸਿਟੀ ਰਾਜ ਸਰਕਾਰ ਦੀ ਸੰਤੁਸ਼ਟੀ ਅਨੁਸਾਰ ਅਜਿਹੇ ਹਵਾਲੇ ਤੇ ਵਾਜ਼ਬ ਸਮੇਂ ਦੇ ਅੰਦਰ ਕਾਰਵਾਈ ਕਰਨ ਵਿੱਚ ਅਸਫਲ ਰਹਿੰਦੀ ਹੈ, ਤਾਂ ਇਹ ਯੂਨੀਵਰਸਿਟੀ ਦੁਆਰਾ ਪੇਸ਼ ਕੀਤੇ ਗਏ ਸਪੱਸ਼ਟੀਕਰਨ ਤੇ ਵਿਚਾਰ ਕਰਨ ਤੋਂ ਬਾਅਦ, ਇਸ ਐਕਟ ਦੇ ਸੰਗਤ ਅਜਿਹੇ ਨਿਰਦੇਸ਼ ਜਾਰੀ ਕਰ ਸਕੇਗੀ, ਜਿਵੇਂ ਰਾਜ ਸਰਕਾਰ ਜ਼ਰੂਰੀ ਸਮਝੇ ਅਤੇ ਯੂਨੀਵਰਸਿਟੀ ਅਜਿਹੇ ਨਿਰਦੇਸ਼ਾਂ ਦੀ ਪਾਲਣਾ ਕਰੇਗੀ।

(4) ਰਾਜ ਸਰਕਾਰ, ਕਿਸੇ ਵੀ ਸਮੇਂ ਤੇ, ਯੂਨੀਵਰਸਿਟੀ ਦੇ ਉਚਿਤ ਅਤੇ ਪ੍ਰਭਾਵੀ ਕਾਰਜਕਰਤਾ ਬਾਰੇ ਅਤੇ ਯੂਨੀਵਰਸਿਟੀ ਦੇ ਪ੍ਰਸ਼ਾਸਨ ਅਤੇ ਵਿੱਤ ਨਾਲ਼ ਜੁੜੇ ਕਿਸੇ ਵੀ ਮਾਮਲੇ ਬਾਰੇ ਸੰਤੁਸ਼ਟ ਹੋਣ ਲਈ, ਕਿਸੇ ਅਜਿਹੀ ਅਥਾਰਟੀ ਜਾਂ ਵਿਅਕਤੀ ਦੁਆਰਾ ਯੂਨੀਵਰਸਿਟੀ ਦੇ ਕਾਰ-ਵਿਹਾਰ ਵਿੱਚ ਨਿਰੀਖਣ ਜਾਂ ਜਾਂਚ ਲਈ ਪ੍ਰਬੰਧ ਕਰ ਸਕੇਗੀ, ਜਿਵੇਂ ਇਹ ਉਲਿਖਤ ਕਰੇ।

(5) ਯੂਨੀਵਰਸਿਟੀ ਉਪ-ਧਾਰਾ (4) ਵਿੱਚ ਦਰਸਾਏ ਗਏ ਨਿਰੀਖਣ ਜਾਂ ਜਾਂਚ ਵਿੱਚ ਆਪਣੀ ਪ੍ਰਤੀਨਿਧਤਾ ਕਰਨ ਲਈ ਕਿਸੇ ਵਿਅਕਤੀ ਨੂੰ ਅਧਿਕਾਰਤ ਕਰ ਸਕੇਗੀ।

(6) ਉਪ-ਧਾਰਾ (4) ਵਿੱਚ ਦਰਸਾਏ ਗਏ ਨਿਰੀਖਣ ਜਾਂ ਜਾਂਚ ਦੀ ਰਿਪੋਰਟ ਪ੍ਰਾਪਤ ਹੋਣ ਤੇ, ਰਾਜ ਸਰਕਾਰ ਇਸ ਦੀ ਜਾਂਚ ਕਰ ਸਕੇਗੀ ਅਤੇ ਯੂਨੀਵਰਸਿਟੀ ਨੂੰ ਅਜਿਹੇ ਨਿਰਦੇਸ਼ ਦੇ ਸਕੇਗੀ, ਜਿਵੇਂ ਉਹ ਜ਼ਰੂਰੀ ਸਮਝੇ।

(7) ਉਪ-ਧਾਰਾ (6) ਅਧੀਨ ਦਿੱਤੇ ਗਏ ਨਿਰਦੇਸ਼ਾਂ ਦੀ ਪ੍ਰਾਪਤੀ ਦੀ ਤਰੀਕ ਤੋਂ ਤੀਹ ਦਿਨਾਂ ਦੀ ਮੁੱਦਤ ਅੰਦਰ ਵਾਈਸ-ਚਾਂਸਲਰ, ਉਕਤ ਨਿਰਦੇਸ਼ਾਂ ਦੇ ਅਨੁਸਰਣ ਵਿੱਚ ਯੂਨੀਵਰਸਿਟੀ ਦੁਆਰਾ ਕੀਤੀ ਗਈ ਕਾਰਵਾਈ ਬਾਰੇ ਰਾਜ ਸਰਕਾਰ ਨੂੰ ਇਤਲਾਹ ਭੇਜੇਗਾ।

(8) ਉਪ-ਧਾਰਾ (7) ਵਿੱਚ ਉਲਿਖਤ ਕੀਤੀ ਮੁੱਦਤ ਦੇ ਗੁਜਰਨ 'ਤੇ, ਰਾਜ ਸਰਕਾਰ, ਵਾਈਸ-ਚਾਂਸਲਰ ਤੋਂ ਪ੍ਰਾਪਤ ਸੂਚਨਾ, ਜੇ ਕੋਈ ਹੋਵੇ, ਤੇ ਵਿਚਾਰ ਕਰਨ ਤੋਂ ਬਾਅਦ, ਯੂਨੀਵਰਸਿਟੀ ਨੂੰ ਅਜਿਹੇ ਨਿਰਦੇਸ਼ ਜਾਰੀ ਕਰ ਸਕੇਗੀ, ਜਿਵੇਂ ਉਹ ਜ਼ਰੂਰੀ ਸਮਝੇ ਅਤੇ ਯੂਨੀਵਰਸਿਟੀ ਅਜਿਹੇ ਨਿਰਦੇਸ਼ਾਂ ਦੀ ਪਾਲਣਾ ਕਰੇਗੀ।

27. ਯੂਨੀਵਰਸਿਟੀ ਦੁਆਰਾ ਪਾਸ ਕੀਤੇ ਗਏ ਹਰੇਕ ਮਤੇ ਨੂੰ ਅਜਿਹੇ ਮਤੇ ਦੇ ਪਾਸ ਹੋਣ ਦੀ ਤਰੀਕ ਤੋਂ ਤੀਹ ਦਿਨਾਂ ਦੀ ਮੁੱਦਤ ਅੰਦਰ ਰਾਜ ਸਰਕਾਰ ਨੂੰ ਸੰਸੂਚਤ ਕੀਤਾ ਜਾਵੇਗਾ। ਰਾਜ ਸਰਕਾਰ ਨੂੰ ਮਤੇ ਦੀ ਸੰਸੂਚਨਾ ।

28. ਜੇ ਰਾਜ ਸਰਕਾਰ ਦੀ ਰਾਏ ਵਿੱਚ, ਯੂਨੀਵਰਸਿਟੀ ਦਾ ਮਤਾ ਜਨਹਿਤ ਵਿੱਚ ਨਹੀਂ ਹੈ, ਜਾਂ ਇਸ ਐਕਟ ਜਾਂ ਇਸ ਦੇ ਅਧੀਨ ਬਣਾਏ ਗਏ ਵਿਨਿਯਮਾਂ ਦੇ ਉਪਬੰਧਾਂ ਦੇ ਅਨੁਰੂਪ ਨਹੀਂ ਹੈ, ਤਾਂ ਉਹ, ਲਿਖਤੀ ਹੁਕਮ ਦੁਆਰਾ, ਅਜਿਹੇ ਮਤੇ ਦੇ ਪਰਿਪਾਲਣ ਨੂੰ ਮੁਅੱਤਲ ਕਰ ਸਕੇਗੀ: ਰਾਜ ਸਰਕਾਰ ਨੂੰ ਯੂਨੀਵਰਸਿਟੀ ਦੇ ਮਤੇ ਨੂੰ ਮੁਅੱਤਲ ਜਾਂ ਮਨਸੂਖ ਕਰਨ ਦੀ ਸ਼ਕਤੀ ।

ਪਰੰਤੂ ਉਹ ਮਤਾ, ਜਿਸਦਾ ਪਰਿਪਾਲਣ ਰਾਜ ਸਰਕਾਰ ਦੁਆਰਾ ਮੁਅੱਤਲ ਕੀਤਾ ਗਿਆ ਹੈ, ਯੂਨੀਵਰਸਿਟੀ ਨੂੰ ਆਪਣੀ ਸਥਿਤੀ ਸਪੱਸ਼ਟ ਕਰਨ ਲਈ ਵਾਜ਼ਬ ਮੌਕਾ ਦੇਣ ਤੋਂ ਬਿਨਾਂ ਮਨਸੂਖ ਨਹੀਂ ਕੀਤਾ ਜਾਵੇਗਾ।

29. ਰਾਜ ਸਰਕਾਰ, ਯੂਨੀਵਰਸਿਟੀ ਨੂੰ ਅਜਿਹੇ ਨਿਰਦੇਸ਼ ਜਾਰੀ ਕਰ ਸਕੇਗੀ, ਜੋ ਉਸਦੀ ਰਾਏ ਵਿੱਚ ਐਕਟ ਜਾਂ ਇਸਦੇ ਅਧੀਨ ਬਣਾਏ ਗਏ ਵਿਨਿਯਮਾਂ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਜਾਂ ਜਨਤਕ ਹਿੱਤ ਵਿੱਚ ਜ਼ਰੂਰੀ ਜਾਂ ਹਾਲਾਤ ਅਨੁਸਾਰ ਉਚਿਤ ਹਨ, ਅਤੇ ਯੂਨੀਵਰਸਿਟੀ ਅਜਿਹੇ ਸਾਰੇ ਨਿਰਦੇਸ਼ਾਂ ਦੀ ਪਾਲਣਾ ਕਰਨ ਲਈ ਪਾਬੰਦ ਹੋਵੇਗੀ। ਰਾਜ ਸਰਕਾਰ ਵੱਲੋਂ ਨਿਰਦੇਸ਼ ਦੇਣਾ ।

30. ਜੇ ਯੂਨੀਵਰਸਿਟੀ ਦੀ ਸਥਾਪਨਾ ਦੇ ਬਾਰੇ ਵਿੱਚ ਜਾਂ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਦੀ ਪਹਿਲੀ ਇਕੱਤਰਤਾ ਦੇ ਤੱਲਕ ਵਿੱਚ ਜਾਂ ਪਹਿਲੇ ਪੜਾਅ 'ਤੇ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਹੋਰ ਤਰ੍ਹਾਂ ਕੋਈ ਕਠਿਨਾਈ ਪੈਦਾ ਹੁੰਦੀ ਹੈ, ਤਾਂ ਰਾਜ ਸਰਕਾਰ ਕਿਸੇ ਵੀ ਸਮੇਂ ਤੇ, ਯੂਨੀਵਰਸਿਟੀ ਦੀ ਕਿਸੇ ਅਥਾਰਟੀ ਦੇ ਗਠਨ ਤੋਂ ਪਹਿਲਾਂ, ਹੁਕਮ ਦੁਆਰਾ ਕੋਈ ਨਿਯੁਕਤੀਆਂ ਕਰ ਸਕੇਗੀ ਜਾਂ ਕੁਝ ਵੀ ਕਰ ਸਕੇਗੀ ਜਿੱਥੋਂ ਤੱਕ ਉਹ ਇਸ ਐਕਟ ਦੇ ਉਪਬੰਧਾਂ ਦੇ ਸੰਗਤ ਹੋਵੇ, ਜੋ ਕਠਿਨਾਈ ਨੂੰ ਦੂਰ ਕਰਨ ਦੇ ਪ੍ਰਯੋਜਨ ਲਈ ਉਸਨੂੰ ਜ਼ਰੂਰੀ ਜਾਂ ਹਾਲਾਤ ਅਨੁਸਾਰ ਉਚਿਤ ਪ੍ਰਤੀਤ ਹੋਵੇ। ਹਰੇਕ ਅਜਿਹਾ ਹੁਕਮ ਇਸ ਤਰ੍ਹਾਂ ਪ੍ਰਭਾਵੀ ਹੋਵੇਗਾ ਜਿਵੇਂ ਅਜਿਹੀ ਨਿਯੁਕਤੀ ਜਾਂ ਕਾਰਵਾਈ ਇਸ ਐਕਟ ਵਿੱਚ ਉਪਬੰਧਤ ਤਰੀਕੇ ਨਾਲ਼ ਕੀਤੀ ਗਈ ਹੈ ਜਾਂ ਕੀਤੀ ਗਈ ਹੋਵੇ। ਰਾਜ ਸਰਕਾਰ ਦੀ ਕਠਿਨਾਈਆਂ ਦੂਰ ਕਰਨ ਦੀ ਸ਼ਕਤੀ ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3661/3-2026/Pb. Govt. Press, S.A.S. Nagar*